# ਮੈਂ-ਕਾਲ : ਤ੍ਰੈਕਾਲ

ਕਾਵਿ-ਸੰਗ੍ਰਹਿ - 2019



**ਰਵਿੰਦਰ ਰਵੀ**

## ਰਵਿੰਦਰ ਰਵੀ ਰਚਿਤ ਪੁਸਤਕਾਂ

**ਕਵਿਤਾ** : ਦਿਲ ਦਰਿਆ ਸਮੁੰਦਰੋਂ ਡੂੰਘੇ, ਬੁੱਕਲ ਦੇ ਵਿਚ ਚੋਰ, ਬਿੰਦੂ, ਮੌਨ ਹਾਦਸੇ, ਦਿਲ-ਟ੍ਰਾਂਸਪਲਾਟ ਤੋਂ ਬਾਅਦ, ਸ਼ਹਿਰ ਜੰਗਲੀ ਹੈ, ਮੇਰੇ ਮੌਸਮ ਦੀ ਵਾਰੀ, ਜਲ ਭਰਮ-ਜਲ, ਚਿੱਟੇ ਕਾਲੇ ਧੱਬੇ, ਸੀਮਾਂ ਆਕਾਸ਼, ਸ਼ੀਸ਼ੇ 'ਤੇ ਦਸਤਕ, ਆਪਣੇ ਖ਼ਿਲਾਫ਼, ਸੂਰਜ ਤੇਰਾ ਮੇਰਾ, ਗੰਢਾਂ, ਸ਼ਬਦੋਂ ਪਾਰ, ਪੱਤਰ ਤੇ ਦਰਿਆ, ਛਾਵਾਂ ਤੇ ਪਰਛਾਵੇਂ, ਬਾਜ਼ ਦੀ ਨਜ਼ਰ, ਨਵੀਂ ਸਦੀ ਦੀ ਨਵੀਂ ਨਸਲ, ਸ਼ਬਦਾਂ ਦੇ ਚਿਹਰੇ, ਨਿਹੋਂਦ ਦਾ ਗੀਤ, ਫੇਸਬੁੱਕ ਕਵਿਤਾ, ਮੈਂ-ਕਾਲ : ਤ੍ਰੈਕਾਲ

**ਸਮੁੱਚੀ ਕਵਿਤਾ** : ਅਕੱਥ-ਕਥਾ, ਸੈਂਚੀ ਪਹਿਲੀ, 1955-66 (ਭਾਰਤ), ਵਣ-ਵਾਣੀ, ਸੈਂਚੀ ਦੂਜੀ, 1967-74 (ਕੀਨੀਆ), ਪਿਆਸਾ ਬੱਦਲ, ਸੈਂਚੀ ਤੀਜੀ 1975-86 (ਕੈਨੇਡਾ), ਸ਼ਬਦ ਸਾਗਰ, ਸੈਂਚੀ ਚੌਥੀ, 1986-2003 (ਕੈਨੇਡਾ), ਪਿੰਡ ਬ੍ਰਹਮੰਡ, ਸੈਂਚੀ ਪੰਜਵੀਂ, 2003-2014 (ਕੈਨੇਡਾ)

**ਕਾਵਿ-ਨਾਟਕ** : ਬੀਮਾਰ ਸਦੀ, ਦਰ ਦੀਵਾਰਾਂ, ਅੱਧੀ ਰਾਤ ਦੁਪਹਿਰ, ਚੌਕ ਨਾਟਕ, ਰੂਹ ਪੰਜਾਬ ਦੀ, ਸਿਫ਼ਰ ਨਾਟਕ, ਤਿੰਨ ਨਾਟਕ ('ਮੱਕੜੀ ਨਾਟਕ', 'ਰੁਕੇ ਹੋਏ ਯਥਾਰਥ' ਤੇ 'ਪਛਾਣ ਨਾਟਕ'), ਮਨ ਦੇ ਹਾਣੀ, ਮਖੌਟੇ ਤੇ ਹਾਦਸੇ, ਚੱਕ੍ਰਵਿਊਹ ਤੇ ਪਿਰਾਮਿਡ, ਆਪੋ ਆਪਣੇ ਦਰਿਆ, ਹੋਂਦ ਨਿਹੋਂਦ, ਪਰਤੱਖ ਤੋਂ ਅਗਾਂਹ (ਦੋ ਕਾਵਿ ਨਾਟਕ : 'ਭਰਮ-ਜਲ' ਅਤੇ 'ਸਿਆਸੀ ਦੰਦ-ਕਥਾ')

**ਸਮੁੱਚਾ ਨਾਟਕ** : ਮੰਚ ਨਾਟਕ (1974-1990), ਮੇਰੇ ਕਾਵਿ-ਨਾਟਕ-1 (1974-1983), ਮੇਰੇ ਕਾਵਿ- ਨਾਟਕ-2 (1984-1987), ਮੇਰੇ ਕਾਵਿ-ਨਾਟਕ-3 (1990-2005), ਮੇਰੇ ਕਾਵਿ-ਨਾਟਕ-4 (2008-2010)

**ਤ੍ਰੈਲੜੀ ਨਾਟਕ** : ਸੂਰਜ ਨਾਟਕ (1974-1983)

**ਨਾਟਕ ਤੇ ਰੰਗਮੰਚ** : ਦੋ ਨਾਟਕ ਤੇ ਰੰਗਮੰਚ, ਦਰ ਦੀਵਾਰਾਂ ਤੇ ਸਿਆਸੀ ਦੰਦ-ਕਥਾ : ਮੂਲ-ਪਾਠ ਅਤੇ ਰੰਗਮੰਚਕੀ ਵੇਰਵੇ (2019)

**ਕਹਾਣੀ** : ਚਰਾਵੀ, ਜੁਰਮ ਦੇ ਪਾਤਰ, ਸ਼ਹਿਰ ਵਿਚ ਜੰਗਲ, ਕੋਨ ਪ੍ਰਤੀਕੋਨ, ਮੈਲੀ ਪੁਸਤਕ, ਜਿੱਥੇ ਦੀਵਾਰਾਂ ਨਹੀਂ, ਕੰਪਿਊਟਰ ਕਲਚਰ, ਆਪਣੇ ਆਪਣੇ ਟਾਪੂ, ਗੋਰੀਆਂ ਸ਼ਹੀਦੀਆਂ

**ਸਮੁੱਚੀ ਕਹਾਣੀ** : ਅਘਰਵਾਸੀ (1955-1984), ਮੇਰੀ ਕਹਾਣੀ (1955-2005), ਮੇਰੀਆਂ ਸਾਰੀਆਂ ਕਹਾਣੀਆਂ (1955-2010)

**ਚਰਚਤ ਕਹਾਣੀ** : ਸਮੇਂ ਦੇ ਨਾਲ ਨਾਲ (1955-1989)

**ਪ੍ਰਤਿਨਿਧ ਕਹਾਣੀ**: ਖੰਭਾਂ ਵਾਲੇ ਪਿੰਜਰੇ (1955-2000), ਚੋਣਵੀਆਂ ਕਹਾਣੀਆਂ (ਇਸਤਰੀ ਮਰਦ ਪ੍ਰਸੰਗ), ਚੋਣਵੀਆਂ ਕਹਾਣੀਆਂ-2 (ਬ੍ਰਹਮੰਡਕ ਸਰੋਕਾਰ)

**ਸਫ਼ਰਨਾਮਾ** : ਸਿਮਰਤੀਆਂ ਦੇ ਦੇਸ਼

**ਵਾਰਤਕ** : ਮੇਰੀ ਸਾਹਿਤਕ ਸਵੈ-ਜੀਵਨੀ, ਐਟਸੈਟਰਾ-2, ਐਟਸੈਟਰਾ-3, ਮੇਰਾ ਜੀਵਨ, ਮੇਰਾ ਸਾਹਿਤ (ਸਾਹਿਤਿਕ ਸ੍ਵੈ ਜੀਵਨੀ), ਐਟਸੈਟਰਾ-4

**ਸਮੀਖਿਆ** : ਪ੍ਰਯੋਗਸ਼ੀਲ ਕਾਵਿ-ਦਰਪਨ, ਮੇਰਾ ਕਾਵਿ-ਨਾਟ-ਲੋਕ, ਐਟਸੈਟਰਾ-1, ਮੇਰਾ ਥੀਏਟਰ ਤੇ ਇੱਕੀਵੀਂ ਸਦੀ, ਮੇਰਾ ਕਾਵਿ-ਨਾਟਕੀ ਰੰਗਮੰਚ : ਇਤਿਹਾਸਕ, ਸਿਧਾਂਤਕ ਤੇ ਤਕਨੀਕੀ ਪਰਿਪੇਖ

**ਸੰਪਾਦਨ** : ਵਿਸ਼ਵ ਪੰਜਾਬੀ ਸਾਹਿਤ, ਕਵਿਤਾ ਸਨਮੁਖ, ਕਥਾ ਸਨਮੁਖ, ਪਰਵਾਸੀ ਪੱਤਰਕਾਰ ਤਾਰਾ ਸਿੰਘ ਹੇਅਰ (ਅਭਿਨੰਦਨ ਗ੍ਰੰਥ), ਕਥਾ ਸਨਮੁਖ-2

Wind Song (Poetry), Wind Song-2 (Poetry)

**ਅੰਗਰੇਜ਼ੀ** : Restless Soul (Poetry), Cosmic Symphony (Short Stories)

**ਹੋਰਨਾਂ ਨਾਲ ਸਾਂਝੀਆਂ** : The Rebel Sound (Poetry)
The Voices of Dissent (Poetry), Green Snow (Poetry)

**ਹਿੰਦੀ** : ਅੰਧੇਰਾ ਯੂਕਲਿਪਟਸ ਔਰ ਆਗ (ਕਹਾਣੀਆਂ), ਸੂਰਜ ਕਾ ਤਕੀਆ (ਕਵਿਤਾ)।

### ਪਾਕਿਸਤਾਨ ਵਿਚ (ਸ਼ਾਹਮੁਖੀ ਲਿੱਪੀ ਵਿਚ)

**ਕਾਵਿ-ਸੰਗ੍ਰਹਿ** : ਗੰਢਾਂ, ਸ਼ਬਦੋਂ ਪਾਰ, ਪੱਤਰ ਤੇ ਦਰਿਆ, ਸ਼ਬਦਾਂ ਦੇ ਚਿਹਰੇ, ਨਿਹੋਂਦ ਦਾ ਗੀਤ, ਨਵੀਂ ਸਦੀ ਦੀ ਨਵੀਂ ਨਸਲ

**ਚੋਣਵੀਂ ਕਵਿਤਾ** : ਹੀਰਿਆਂ ਦਾ ਚੋਗ (1974-89)

**ਚੋਣਵੀਂ ਕਹਾਣੀ** : ਖੰਭਾਂ ਵਾਲੇ ਪਿੰਜਰੇ (1955-2000), ਵਗਦੇ ਦਰਿਆ (1967-2010)

**ਸਮੁੱਚਾ ਨਾਟਕ** : ਮੰਚ ਨਾਟਕ (1974-1990), ਕਾਵਿ-ਨਾਟਕ : ਮਨ ਦੇ ਹਾਣੀ (2005)

# ਮੈਂ-ਕਾਲ : ਤ੍ਰੈਕਾਲ

ਕਾਵਿ-ਸੰਗ੍ਰਹਿ - 2019

**ਰਵਿੰਦਰ ਰਵੀ**

ਨੈ.ਬੁ.ਸ਼.

**ਨੈਸ਼ਨਲ ਬੁਕ ਸ਼ਾਪ**
ਪਲੱਈਅਰ ਗਾਰਡਨ ਮਾਰਕਿਟ,
ਚਾਂਦਨੀ ਚੌਕ, ਦਿੱਲੀ-110 006

**MAIN-KAAL : TRAIKAAL—ਮੈਂ-ਕਾਲ : ਤ੍ਰੈਕਾਲ**

Written by Ravinder Ravi (R.S. Gill)

© Ravinder Ravi (R. S. GILL)
116 - 3530 Kalum Street
Terrace, B.C., Canada V8G 2P2
Telephone : (250) 635 4455
E-mail: **ravi37@telus.net** and **ravinderravi37@gmail.com**
My Website/blog : **www.ravinder-ravi.com**

Art : K.S. Manupuria, (India) and Donna Caplette (Canada)
Photograph : Bikram Sandhu (England)
Typesetting : Kuldeep Singh (India) (M. 9811544085)

ਰੂਪਕਾਰ : ਕੇ. ਐੱਸ. ਮਾਨੂੰਪੁਰੀਆ (ਭਾਰਤ) ਅਤੇ ਡੌਨਾ ਕੈਪਲੈਟ (ਕੈਨੇਡਾ)
ਫੋਟੋ : ਬਿਕਰਮ ਸੰਧੂ (ਇੰਗਲੈਂਡ)
ਟਾਈਪਸੈਟਿੰਗ : ਕੁਲਦੀਪ ਸਿੰਘ (ਭਾਰਤ) (ਮੋ. 9811544085)

First Edition : 2019

ISBN 978-81-7116-719-7

**PRICE : Rs. 300.00**

Published by :
**NATIONAL BOOK SHOP**
Pleasure Garden Market, Near Gauri Shankar Mandir,
Chandni Chowk, Delhi-110006
Ph. : 011-23264342, 9891996919, 9811337763
Email:nbs.bookstore@gmail.com

Printer :
**B.K. OFFSET,** Delhi-110032

**ਦਰਾਜ਼-ਕੱਦ ਆਧੁਨਿਕ .ਗ਼ਜ਼ਲਗੋ**
**ਅਤੇ**
**ਫੇਸਬੁੱਕ ਮਿੱਤਰ**
**ਜਸਪਾਲ ਘਈ**
**ਦੇ ਨਾਂ**

# ਤਰਤੀਬ

ਰਵਿੰਦਰ ਰਵੀ ਦਾ ਜੀਵਨ-ਬਿਓਰਾ 9
ਆਰੰਭਕ ਸ਼ਬਦ : "ਮੈਂ-ਕਾਲ : ਤ੍ਰੈਕਾਲ" -ਰਵਿੰਦਰ ਰਵੀ 15

## ਕਵਿਤਾਵਾਂ

1. ਮੈਂ-ਕਾਲ: ਤ੍ਰੈਕਾਲ 21
2. ਸੱਸੀ ਲੈ ਗਿਆ ਹਾਸ਼ਮ 23
3. ਆਬਰਾ ਕਦਾਬਰਾ 24
4. ਹੋਂਦਹੀਣਤਾ ਵਲ ਵੱਧਦੇ ਕਦਮ 26
5. ਲਹਿੰਦੇ ਵਲ ਜਾਂਦੀ ਸੜਕ 27
6. ਸ਼ੂਨਯ ਦੀ ਸ਼ੂਨਯਤਾ 29
7. ਹਰ ਪਾਸੇ ਇਕਲਾਪਾ 30
8. ਖ਼ੁਦਾਈ ਅਨੁਭਵ 32
9. ਖੁੱਲ੍ਹੀਆਂ ਅੱਖਾਂ ਵਿੱਚ ਸੁੱਤਾ ਆਦਮੀਂ 33
10. ਰੌਸ਼ਨੀ ਦੇ ਅੱਖਰ 34
11. ਮੁਹੱਬਤ : ਜ਼ਿੰਦਗੀ ਦੀ ਪਾਰ ਗਾਥਾ 35
12. ਮੁਹੱਬਤ : ਇਕ ਜਣਨੀ 36
13. ਨਜ਼ਰ ਨਜ਼ਰ ਦੀ ਬਾਤ 37
14. ਇਕ ਤਰਫਾ ਸੰਵਾਦ 38
15. ਉਦਾਸੀ 39
16. ਹੁਣ ਤੂੰ ਚਲੀ ਜਾ 40
17. ਇਕ ਕਿੱਸਾ ਸਾਡਾ ਵੀ 41
18. ਆਪਣਾ ਆਪਣਾ ਜੰਗਲ 43
19. ਥਲ ਵਿੱਚ ਘਿਰੀ ਨਦੀ 45
20. ਸੰਧੂਰੀ ਅੰਬੀਆਂ ਬਨਾਮ ਵਰਜਤ ਰਿਸ਼ਤੇ 46
21. ਮਖੌਟੋਮੇਨੀਆਂ 48
22. ਪਿਛਾਂਹ ਵਲ ਖੁੱਲ੍ਹਦੀ ਖਿੜਕੀ 50
23. ਕਾਲ ਦਾ ਚੱਕ੍ਰਵਯੂਹ 51
24. ਖੁੱਲ੍ਹਾ ਦਰਵਾਜ਼ਾ 52
25. ਮਨੁੱਖ ਬਨਾਮ ਮਸ਼ੀਨ 53
26. ਲਘੂ ਮਾਨਵ 54
27. ਬੁਲਬੁਲਾ 55
28. ਹੁਣ ਦੀ ਹੁਣ ਹੋਂਦ 56
29. ਦਰਸ਼ਨੀ ਭਰਮ 57
30. ਸ਼ਬਦ ਤੇ ਅਰਥ ਦਾ ਰਿਸ਼ਤਾ 58
31. ਸਫਰ ਹੀ ਸਾਡਾ ਸ਼ਹਿਰ 59
32. ਰੌਸ਼ਨੀਆਂ ਦਾ ਮੇਲ 60
33. ਜ਼ਿੰਦਗੀ ਦੀ ਲੀਕ 61
34. ਬਰਫ ਦੀ ਅਨ੍ਹੇਰੀ 62
35. ਅੱਧੇ ਅਧੂਰੇ 64
36. ਪਰਛਾਵਾਂ 65
37. ਰਿਸ਼ਤਿਆਂ ਦੀ ਸਿਆਸਤ: ਇਕ ਸੰਵਾਦ 66
38. ਅਨ੍ਹੇਰੀ ਰਾਤ 67
39. ਅੱਜ ਦਾ ਅਭਿਮੰਨਯੂ 68
40. ਰੇਸ਼ਮ ਦਾ ਕੀੜਾ 69
41. ਇਕ ਫੈਂਟਸੀ ਦੀ ਆਤਮ-ਕਥਾ 70
42. ਕੰਪਿਊਟਰ ਤੇ ਮੈਂ 71
43. ਬੁਢਾਪਾ 72
44. ਭਾਫ-ਕਮਰਾ 73
45. ਪੈਂਗੁਇਨ : ਉਲਟੇ ਬਿੰਬ 74
46. ਪਾਣੀ ਵਿੱਚ ਲੀਕਾਂ 75
47. ਨਕਲੀ ਬੁੱਧੀ 76
48. ਬਿੰਬ ਦੀ ਵਿੱਥ : ਇਕ ਦੁਖਾਂਤ 78
49. ਨਾਟਕਬਾਜ਼ 79
50. ਪਿਆਰ ਦੀ ਰੁੱਤ 81
51. ਖਾਮੋਸ਼ੀਆਂ ਦਾ ਅੰਤ 82
52. ਕਾਲਖ ਵਿੱਚ ਸਿਮਟਦੇ ਛਿਣ 83
53. ਮਹਾਂ ਭਾਰਤ ਨੂੰ ਅੱਜ ਦੇ ਅਰਜਨ ਦੇ ਕੁਝ ਸਵਾਲ 84

54. ਬੇਮੌਸਮ ਜੀਵਨ 87
55. ਖੜੋਤੀ ਹੋਈ ਘੜੀ 88
56. ਹਾਸ਼ੀਆ 89
57. ਓਵਰ ਡੋਜ਼ 90
58. ਸਰਪਟ ਦੌੜਦਾ ਬੁਢਾਪਾ 91
59. ਕਬੂਤਰ ਮਾਪੇ 92
60. ਗੋਤ-ਗਮਨ ਤੇ ਬਲਾਤਕਾਰ 94
61. ਦੂਰ ਦੇ ਸੁਫਨੇ 95
62. ਜੰਗਲੀ ਸੱਭਿਅਤਾ 96
63. ਮੁਹੱਬਤ ਦੀ ਸੰਤਾਨ 97
64. ਮਹਾਂਮਾਰੀ : ਪ੍ਰਦੂਸ਼ਣ 98
65. ਬਰਫ-ਕੈਦ 100
66. ਸਹਿਜ ਰਾਬਤਾ 102
67. ਇਨਸਾਫ 103
68. ਰਾਹ ਪਾਟਣ ਤੋਂ ਬਾਅਦ 104
69. ਰਿਸ਼ਤਿਆਂ ਦੇ ਬਦਲਦੇ ਸਮੀਕਰਨ 105
70. ਮੁਹੱਬਤ ਦੀ ਕਹਾਣੀ 106
71. ਹਿਟਲਰ ਦਾ ਮਹਾਂ ਭਾਰਤ 107
72. ਸੱਭਿਅਤਾ ਦੀ ਨਵੀਂ ਸਵੇਰ 108
73. ਅਨੰਤਿਕਾ : ਇਹ ਪੁਸਤਕ 110

**ਹਿੰਦੀ ਵਿੱਚ, ਰਵਿੰਦਰ ਰਵੀ ਦੀਆਂ, 3 ਕਵਿਤਾਵਾਂ ਅਨੁਵਾਦਕ : ਅਮਰਜੀਤ ਕੌਂਕੇ**

ਬੂੰਦ, ਪੱਤਾ ਔਰ ਸੂਰਜ 115
ਚੇਤਨਾ 116
ਬੂੰਦ ਸੇ ਫੈਲਤਾ ਦਰਿਆ 117

**ਅੰਤਿਕਾ**

ਰਵਿੰਦਰ ਰਵੀ ਰਚਿਤ ਕਾਵਿ-ਸੰਗ੍ਰਹਿਆਂ ਦਾ ਵੇਰਵਾ 121
ਰਵਿੰਦਰ ਰਵੀ ਰਚਿਤ ਕਾਵਿ-ਨਾਟਕਾਂ ਦਾ ਵੇਰਵਾ 124
ਰਵਿੰਦਰ ਰਵੀ ਰਚਿਤ ਕਹਾਣੀ-ਸੰਗ੍ਰਹਿਆਂ ਦਾ ਵੇਰਵਾ 126
ਰਵਿੰਦਰ ਰਵੀ ਰਚਿਤ ਫੁਟਕਲ ਪੁਸਤਕਾਂ ਦਾ ਵੇਰਵਾ 128
ਰਵਿੰਦਰ ਰਵੀ ਦੀ ਸਵੈ-ਜੀਵਨੀ 7 ਵੀਡੀਓ-ਭਾਗਾਂ ਵਿਚ, ਉਸ ਦੇ ਵੈਬਸਾਈਟ ਉੱਤੇ : **www.ravinder-ravi.com** 129
ਰਵਿੰਦਰ ਰਵੀ ਦੇ ਸਾਹਿਤ ਉੱਤੇ ਪ੍ਰਾਪਤ ਆਲੋਚਨਾਤਮਕ ਪੁਸਤਕਾਂ 130
ਰਵਿੰਦਰ ਰਵੀ ਦੇ ਸਾਹਿਤ ਉੱਤੇ ਪੀ.ਐੱਚ.ਡੀ. ਪੱਧਰ ਦਾ ਖੋਜ-ਕਾਰਜ 133
ਰਵਿੰਦਰ ਰਵੀ ਦੇ ਸਾਹਿਤ ਉੱਤੇ ਐੱਮ.ਫਿਲ. ਪੱਧਰ ਦਾ ਤੇ ਐੱਮ.ਏ. ਦਾ ਖੋਜ-ਕਾਰਜ 135
ਰਵਿੰਦਰ ਰਵੀ ਨੂੰ ਮਿਲੇ ਪੁਰਸਕਾਰਾਂ ਦਾ ਵੇਰਵਾ 137
ਰਵਿੰਦਰ ਰਵੀ ਨੂੰ ਮਿਲੇ ਸਨਮਾਨਾਂ ਦਾ ਵੇਰਵਾ 140
ਇਆਪਾ (I.A.P.A.A.) ਵਲੋਂ ਦਿੱਤੇ ਗਏ ਪੁਰਸਕਾਰ 142

**ਪੁਸਤਕ ਦਰਸ਼ਨ**

ਮੇਰਾ ਕਾਵਿ-ਨਾਟਕੀ ਰੰਗਮੰਚ : ਇਤਿਹਾਸਕ ਸਿਧਾਂਤਕ ਤੇ ਤਕਨੀਕ ਪਰਿਪੇਖ ਰੀਵਿਊਕਾਰ : ਹਰਸ਼ਰਨ ਕੌਰ 147

# ਰਵਿੰਦਰ ਰਵੀ ਦਾ ਜੀਵਨ ਬਿਓਰਾ

| | | |
|---|---|---|
| ਜਨਮ | : | ਮਾਰਚ 8, 1937, ਸਿਆਲਕੋਟ (ਪਾਕਿਸਤਾਨ) |
| ਜਨਮ-ਮਿਤੀ | : | ਸਰਕਾਰੀ ਰੀਕਾਰਡ ਵਿਚ ਮਾਰਚ 8, 1938 ਦਰਜ ਹੈ |
| ਪਿਤਾ | : | ਪ੍ਰੋ. ਪਿਆਰਾ ਸਿੰਘ ਗਿੱਲ |
| ਮਾਤਾ | : | ਚਰਨਜੀਤ ਕੌਰ |
| ਪਤਨੀ | : | ਕਸ਼ਮੀਰ ਕੌਰ |
| ਪੁੱਤਰ | : | ਅੰਮ੍ਰਿਤਪਾਲ ਅਤੇ ਸਹਿਜਪਾਲ |
| ਨੂੰਹਾਂ | : | ਪਲਬਿੰਦਰ ਤੇ ਮਨਵੀਨ |
| ਪੋਤਰੀਆਂ | : | ਮਨਪ੍ਰੀਯਾ ਤੇ ਮੋਹਨਾਮ |
| ਪੋਤਰੇ | : | ਈਮਾਨ, ਕੁਰਬਾਨ ਤੇ ਸਾਗਰ |
| ਵਿੱਦਿਆ | : | ਐਮ. ਏ., ਬੀ. ਏ. (ਆਨਰਜ਼), ਬੀ. ਟੀ. |
| ਜੱਦੀ ਪਿੰਡ | : | ਜਗਤਪੁਰ (ਨਵਾਂ ਸ਼ਹਿਰ) |

ਰਵੀ ਨੇ ਮੁੱਢਲੀ ਵਿੱਦਿਆ ਸਿਆਲਕੋਟ ਦੇ ਖਾਲਸਾ ਸਕੂਲ ਵਿਚ ਪ੍ਰਾਪਤ ਕੀਤੀ ਅਤੇ ਚੌਥੀ ਸ਼੍ਰੇਣੀ ਵਿਚ ਡਿਸਟ੍ਰਿਕਟ ਬੋਰਡ ਦਾ ਵਜ਼ੀਫ਼ਾ ਵੀ ਹਾਸਿਲ ਕੀਤਾ। ਉਸ ਦੇ ਪਿਤਾ ਉਸ ਸਮੇਂ ਮਰੇ ਕਾਲਜ ਸਿਆਲਕੋਟ ਵਿਚ ਪੰਜਾਬੀ ਦੇ ਅਧਿਆਪਕ ਸਨ। 1947 ਦੇ ਬਟਵਾਰੇ ਉਪਰੰਤ ਰਵਿੰਦਰ ਰਵੀ ਸਿਆਲਕੋਟ ਨੂੰ ਛੱਡ ਕੇ ਆਪਣੇ ਪਰਵਾਰ ਸਮੇਤ, ਆਪਣੇ ਜੱਦੀ ਪਿੰਡ ਜਗਤਪੁਰ, ਜ਼ਿਲ੍ਹਾ ਨਵਾਂ ਸ਼ਹਿਰ ਵਿਚ ਆ ਵੱਸਿਆ। ਏਥੋਂ ਡੇਢ ਕੁ ਮੀਲ 'ਤੇ ਸਥਿਤ ਸਰਹਾਲ ਕਾਜ਼ੀਆਂ ਦੇ ਖਾਲਸਾ ਹਾਈ ਸਕੂਲ ਤੋਂ ਉਸ ਨੇ, 1952 ਵਿਚ, ਮੈਟ੍ਰਿਕੁਲੇਸ਼ਨ ਦਾ ਇਮਤਿਹਾਨ ਪਾਸ ਕੀਤਾ ਅਤੇ ਲਾਇਲਪੁਰ ਖਾਲਸਾ ਕਾਲਜ, ਜਲੰਧਰ ਵਿਚ ਐਫ. ਐਸ. ਸੀ. (ਮੈਡੀਕਲ) ਵਿਚ ਦਾਖ਼ਲਾ ਲੈ ਲਿਆ। ਉਨ੍ਹਾਂ ਦਿਨਾਂ ਵਿਚ ਉਸ ਦੇ ਪਿਤਾ ਪ੍ਰੋਫੈਸਰ ਪਿਆਰਾ ਸਿੰਘ ਗਿੱਲ, ਇਸ ਕਾਲਜ ਵਿਚ ਪੰਜਾਬੀ ਦੇ

ਅਧਿਆਪਕ ਸਨ। ਉਨ੍ਹਾਂ ਦੀ ਇੱਛਾ ਸੀ ਕਿ ਰਵੀ ਐਮ. ਬੀ. ਬੀ. ਐਸ. ਕਰਕੇ ਡਾਕਟਰ ਬਣੇ। ਪਰ ਰਵੀ ਨੂੰ ਮੈਡੀਕਲ ਸਾਇੰਸ ਦੇ ਇਨ੍ਹਾਂ ਵਿਸ਼ਿਆਂ ਵਿਚ ਕੋਈ ਦਿਲਚਸਪੀ ਨਹੀਂ ਸੀ। ਐਫ. ਐਸ. ਸੀ. 'ਚੋਂ ਦੋ ਕੁ ਵਾਰ ਫੇਲ੍ਹ ਹੋ ਕੇ, 1955 ਵਿਚ ਉਸ ਨੇ ਜਲੰਧਰ ਦੇ ਦੋਆਬਾ ਖਾਲਸਾ ਹਾਈ ਸਕੂਲ ਵਿਚ ਜੇ. ਬੀ. ਟੀ. (ਜੂਨੀਅਰ ਬੇਸਿਕ ਟੀਚਰਜ਼ ਟ੍ਰੇਨਿੰਗ) ਵਿਚ ਦਾਖ਼ਲਾ ਲੈ ਲਿਆ। 14 ਮਈ, 1956 ਨੂੰ, ਜੇ. ਬੀ. ਟੀ. ਪਾਸ ਕਰਨ ਉਪਰੰਤ, ਉਹ ਆਪਣੇ ਜੱਦੀ ਪਿੰਡ ਜਗਤਪੁਰ ਦੇ ਸਕੂਲ ਵਿਚ ਅਧਿਆਪਕ ਲੱਗ ਗਿਆ। ਅਗਲੇ 8 ਕੁ ਸਾਲਾਂ ਵਿਚ ਏਥੇ ਪੜ੍ਹਾਉਂਦਿਆਂ ਹੀ ਉਸ ਨੇ ਗਿਆਨੀ, ਬੀ. ਏ., ਐਮ. ਏ. ਅਤੇ ਬੀ. ਟੀ. ਦੀਆਂ ਪ੍ਰੀਖਿਆਵਾਂ ਪਾਸ ਕੀਤੀਆਂ। ਇਸ ਉਪਰੰਤ 6 ਕੁ ਮਹੀਨੇ ਜਲੰਧਰ ਦੇ ਗੌਰਮੈਂਟ ਮਾਡਲ ਹਾਇਰ ਸੈਕੰਡਰੀ ਸਕੂਲ ਵਿਚ ਅਤੇ ਦੋ ਕੁ ਸਾਲ ਤਲਵਣ, ਜ਼ਿਲ੍ਹਾ ਜਲੰਧਰ ਦੇ ਗੌਰਮੈਂਟ ਹਾਇਰ ਸੈਕੰਡਰੀ ਸਕੂਲ ਵਿਚ ਉਸ ਨੇ ਅੰਗਰੇਜ਼ੀ ਅਤੇ ਪੰਜਾਬੀ ਦਾ ਅਧਿਆਪਨ ਕੀਤਾ।

ਇਸ ਤਰ੍ਹਾਂ ਰਵਿੰਦਰ ਰਵੀ ਪੰਜਾਬ ਦੇ ਸਰਕਾਰੀ ਸਕੂਲਾਂ ਵਿਚ ਲਗਭਗ ਦਸ ਸਾਲ ਅਧਿਆਪਨ ਉਪਰੰਤ ਜਨਵਰੀ 1967 ਵਿਚ ਕੀਨੀਆਂ ਚਲਾ ਗਿਆ। ਅਗਲੇ ਅੱਠ ਸਾਲ ਕੀਨੀਆਂ ਵਿਚ ਅਧਿਆਪਨ ਦੇ ਦੌਰਾਨ ਉਸ ਨੇ ਯੂਰਪ, ਉੱਤਰੀ ਅਮਰੀਕਾ, ਅਫ਼ਰੀਕਾ ਤੇ ਏਸ਼ੀਆ ਦੇ ਕਈ ਦੇਸ਼ਾਂ ਦਾ ਵਿਸ਼ਾਲ ਦੇਸ਼ਾਟਨ ਕੀਤਾ।

1974 ਦੇ ਅੰਤ ਵਿਚ ਉਹ ਮੱਧ ਪੂਰਬ, ਯੂਰਪ ਤੇ ਇੰਗਲੈਂਡ ਦੀ ਗਰਦੌਰੀ ਕਰਦਾ, ਪੱਕੇ ਤੌਰ 'ਤੇ ਕੈਨੇਡਾ ਆ ਗਿਆ। ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ (ਬੀ. ਸੀ.) ਪ੍ਰਾਂਤ ਦੇ ਵਿੱਦਿਅਕ ਮੰਤਰਾਲੇ ਤੋਂ ਉਸ ਨੇ 1975 ਵਿਚ ਪ੍ਰੋਫੈਸ਼ਨਲ ਟੀਚਿੰਗ ਸਰਟੀਫਿਕੇਟ ਪ੍ਰਾਪਤ ਕੀਤਾ ਤੇ ਬੀ. ਸੀ. ਕਾਲਜ ਆਫ ਟੀਚਰਜ਼ ਦਾ ਮੈਂਬਰ ਬਣ ਗਿਆ। ਬਾਅਦ ਵਿਚ ਉਸ ਨੇ ਸ਼ਿਕਾਰ ਖੇਡਣ (Hunting) ਦਾ ਡਿਪਲੋਮਾ ਵੀ ਪ੍ਰਾਪਤ ਕੀਤਾ।

ਏਥੇ ਸੈਕੰਡਰੀ ਸਕੂਲ ਵਿਚ ਅੰਗੇਰਜ਼ੀ ਤੇ ਸਮਾਜ-ਸ਼ਾਸਤਰ ਵਿਭਾਗ ਦੇ ਮੁਖੀ ਦੇ ਤੌਰ 'ਤੇ ਗਿਆਰਾਂ ਕੁ ਸਾਲ ਅੰਗਰੇਜ਼ੀ ਭਾਸ਼ਾ, ਅੰਗਰੇਜ਼ੀ ਸਾਹਿਤ, ਪੱਤਰਕਾਰੀ ਤੇ ਸਾਹਿਤ-ਰਚਨਾ ਪੜ੍ਹਾਉਣ ਉਪਰੰਤ ਡਿਸਟ੍ਰਿਕਟ ਰੀਸੋਰਸ ਸੈਂਟਰ ਦਾ ਕੋਆਰਡੀਨੇਟਰ ਬਣ ਕੇ ਉਹ ਖੋਜ-ਵਿੱਦਿਆ ਪੜ੍ਹਾਉਂਦਾ ਰਿਹਾ। ਸਤੰਬਰ, 1991 ਤੋਂ 30 ਜੂਨ, 2003 ਤਕ, ਉਸ ਨੇ ਨਿਸਗਾ ਟੀਚਰਜ਼ ਯੂਨੀਅਨ ਦੇ ਕੁਲਵਕਤੀ ਪ੍ਰਧਾਨ ਦੇ ਤੌਰ 'ਤੇ ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ ਪ੍ਰਾਂਤ ਵਿਚ ਅਧਿਆਪਕ ਰਾਜਨੀਤੀ ਅਤੇ ਟ੍ਰੇਡ ਯੂਨੀਅਨ ਮੂਵਮੈਂਟ ਵਿਚ ਸਰਗਰਮ ਹਿੱਸਾ ਲਿਆ ਤੇ ਆਪਣਾ ਯੋਗਦਾਨ ਪਾਇਆ। 1 ਜਲਾਈ, 2003 ਤੋਂ ਉਹ ਅਧਿਆਪਨ ਦੇ ਇਸ ਕਿੱਤੇ ਤੋਂ ਪੂਰਨ ਤੌਰ 'ਤੇ ਸੇਵਾ-ਮੁਕਤ ਹੋ ਕੇ ਕੁਲਵਕਤੀ ਲੇਖਕ ਬਣ ਗਿਆ।

ਰਵੀ ਸਭ ਤੋਂ ਪਹਿਲਾ ਪਰਵਾਸੀ ਲੇਖਕ ਹੈ, ਜਿਸ ਨੂੰ ਭਾਸ਼ਾ ਵਿਭਾਗ ਪੰਜਾਬ ਤੇ ਪੰਜਾਬ ਆਰਟਸ ਕੌਂਸਲ ਨੇ, 1980 ਵਿਚ ਸ਼੍ਰੋਮਣੀ ਸਾਹਿਤਕਾਰ ਦੇ



ਪੁਰਸਕਾਰਾਂ ਨਾਲ ਸਨਮਾਨਿਆ। ਉਸਦੇ ਨਾਟਕ "ਅੱਧੀ ਰਾਤ ਦੁਪਹਿਰ" (1983) ਨੂੰ ਭਾਸ਼ਾ ਵਿਭਾਗ ਪੰਜਾਬ ਨੇ 'ਈਸ਼ਵਰ ਚੰਦਰ ਨੰਦਾ ਪੁਰਸਕਾਰ' ਨਾਲ ਸਨਮਾਨਤ ਕੀਤਾ। 1992 ਵਿਚ ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ ਨੇ ਕਰਤਾਰ ਸਿੰਘ ਧਾਲੀਵਾਲ ਪੁਰਸਕਾਰ ਨਾਲ, 1993 ਵਿਚ ਏਸ਼ੀਅਨ ਰਾਈਟਰਜ਼ ਐਸੋਸੀਏਸ਼ਨ (ਡੈਨਮਾਰਕ) ਨੇ ਬਾਬਾ ਬੁੱਲ੍ਹੇ ਸ਼ਾਹ ਪੁਰਸਕਾਰ ਨਾਲ ਤੇ 1994 ਵਿਚ ਪੰਜਾਬੀ ਸਾਹਿਤ ਸਭਾ ਕੈਲੇਫੋਰਨੀਆ (ਅਮਰੀਕਾ) ਨੇ ਸ਼੍ਰੋਮਣੀ ਸਾਹਿਤਕਾਰ ਪੁਰਸਕਾਰ ਨਾਲ ਸਨਮਾਨਿਆ। ਪੰਜਾਬੀ ਯੂਨੀਵਰਸਿਟੀ, ਪਟਿਆਲਾ ਨੇ 2000 ਵਿਚ ਪ੍ਰੋ. ਪੂਰਨ ਸਿੰਘ ਦਹਿਸਦੀ (ਮਿਲੇਨੀਅਮ) ਪੁਰਸਕਾਰ ਨਾਲ ਅਤੇ 2001 ਵਿਚ ਮਹਾਰਾਜਾ ਰਣਜੀਤ ਸਿੰਘ ਪੁਰਸਕਾਰ ਨਾਲ ਸਨਮਾਨਤ ਕੀਤਾ। ਜੂਨ, 2003 ਵਿਚ ਨਿਸਗਾ ਸਕੂਲ-ਜ਼ਿਲ੍ਹੇ ਦੇ ਸਕੂਲ ਬੋਰਡ ਨੇ ਅਤੇ ਜਨਵਰੀ, 2004 ਵਿਚ ਨਿਸਗਾ ਟੀਚਰਜ਼ ਯੂਨੀਅਨ ਨੇ ਉਸ ਦਾ ਵਿਸ਼ੇਸ਼ ਅਭਿਨੰਦਨ ਕੀਤਾ। 22 ਅਗਸਤ, 2004 ਨੂੰ ਵਿਸ਼ਵ ਪੰਜਾਬੀ ਸਾਹਿਤ ਅਕਾਡਮੀ, ਕੈਲੇਫੋਰਨੀਆਂ ਯੂ. ਐਸ. ਏ. ਨੇ ਤੇ 2005 ਵਿਚ ਇੰਡੋ ਕਨੇਡੀਅਨ ਕਲਚਰਲ ਐਸੋਸੀਏਸ਼ਨ (ਕੈਨੇਡਾ) ਨੇ ਰਵੀ ਨੂੰ ਸਮੁੱਚੀ ਸਾਹਿਤਿਕ ਦੇਣ ਲਈ ਸਨਮਾਨਿਆ।

22 ਜਨਵਰੀ, 2006 ਨੂੰ ਲਾਹੌਰ ਪਾਕਿਸਤਾਨ ਵਿਚ, ਰਵਿੰਦਰ ਰਵੀ ਨੂੰ "ਅਦਾਰਾ ਪੰਜਾਬੀ ਜ਼ਬਾਨ ਤੇ ਸਕਾਫ਼ਤ" ਨੇ "ਜੀਵਨ-ਕਾਲ-ਪ੍ਰਾਪਤੀ-ਪੁਰਸਕਾਰ" ਨਾਲ, "ਵਰਲਡ ਇਨਸਟੀਚਿਊਟ ਆਫ਼ ਪੰਜਾਬੀ ਲਿਟਰੇਚਰ ਐਂਡ ਹੈਰੀਟੇਜ" ਨੇ "ਤਮਗ਼ਾ-ਏ-ਹੁਸਨ-ਏ-ਕਾਰਕਰਦਗੀ" ਨਾਲ, "ਐਸੋਸੀਏਸ਼ਨ ਆਫ਼ ਰਾਈਟਰਜ਼ ਐਂਡ ਆਰਟਿਸਟਸ" ਨੇ "ਗੋਲਡ ਮੈਡਲ" ਨਾਲ ਅਤੇ ਲਾਹੌਰ ਦੇ ਪੰਜਾਬੀ ਪੱਤਰਕਾਰਾਂ ਦੀ ਸੰਸਥਾ ਨੇ "ਸ਼ਾਲ" ਨਾਲ ਅਭਿਨੰਦਤ ਕੀਤਾ। ਇਸੇ ਸਾਲ ਭਾਰਤ ਵਿਚ ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ:) ਤੇ ਪੰਜਾਬੀ ਲੇਖਕ ਸਭਾ, ਜਗਤਪੁਰ (ਰਜਿ:) ਨੇ ਵੀ ਉਸ ਦਾ ਉਚੇਚਾ ਸਨਮਾਨ ਕੀਤਾ। ਸਾਲ 2006 ਵਿਚ ਹੀ ਖਾਲਸਾ ਦੀਵਾਨ ਸੋਸਾਇਟੀ, ਵੈਨਕੂਵਰ (ਕੈਨੇਡਾ) ਨੇ ਆਪਣੇ ਸੌ ਸਾਲਾ ਯਾਦਗਾਰੀ ਦਿਵਸ ਦੇ ਸਮਾਗਮ ਸਮੇਂ ਰਵੀ ਨੂੰ ਉਸਦੀਆਂ ਸਮੁੱਚੀਆਂ ਸਾਹਿਤਿਕ ਪ੍ਰਾਪਤੀਆਂ ਲਈ "ਵਿਲੱਖਣ-ਪ੍ਰਾਪਤੀ-ਪੁਰਸਕਾਰ" ਨਾਲ ਸਨਮਾਨਤ ਕੀਤਾ। 2007 ਵਿਚ ਵੀ ਉਸਨੂੰ ਪੰਜਾਬੀ ਅਕਾਦਮੀ, ਲਿਸਟਰ (ਇੰਗਲੈਂਡ), ਸਿਪਸਾ ਤੇ ਅਦਾਰਾ ਵੀਯਨਜ਼ ਆਫ਼ ਪੰਜਾਬ ਟੀ.ਵੀ., ਟਰਾਂਟੋ, ਕੈਨੇਡਾ ਨੇ ਸਨਮਾਨਤ ਕੀਤਾ। 2008 ਵਿਚ ਕੈਨੇਡਾ ਦੇ 'ਪਰਵਾਸੀ ਮੀਡੀਆ ਗਰੁੱਪ' ਨੇ ਉਸ ਨੂੰ "ਸਰਬ-ਸ੍ਰੇਸ਼ਟ ਸਾਹਿਤਕਾਰ ਪੁਰਸਕਾਰ" ਭੇਟ ਕੀਤਾ। 2011 ਵਿਚ ਜੇ ਪੰਜਾਬੀ ਨਾਟਕ ਅਕਾਦਮੀ (ਲੁਧਿਆਣਾ, ਭਾਰਤ) ਨੇ ਰਵਿੰਦਰ ਰਵੀ ਨੂੰ "ਨਾਟ ਸ਼੍ਰੋਮਣੀ" ਪੁਰਸਕਾਰ ਨਾਲ ਸਨਮਾਨਣ ਦੀ ਘੋਸ਼ਨਾ ਕੀਤੀ ਤਾਂ "ਯੂਨੀਵਰਸਿਟੀ ਆਫ਼ ਬ੍ਰਿਟਿਸ਼ ਕੋਲੰਬੀਆ (UBC)", ਵੈਨਕੂਵਰ, ਕੈਨੇਡਾ ਅਤੇ "ਕੇਂਦਰੀ ਪੰਜਾਬੀ

ਲੇਖਕ ਸਭਾ (ਉੱਤਰੀ ਅਮਰੀਕਾ) ਸਰੀ, ਕੈਨੇਡਾ" ਨੇ ਉਸ ਨੂੰ "ਜੀਵਨ-ਕਾਲ ਪ੍ਰਾਪਤੀ" ਪੁਰਸਕਾਰਾਂ ਨਾਲ ਸਨਮਾਨਿਆ। ਸਾਲ 2012 ਵਿਚ "ਅਰਪਨ ਲਿਖਾਰੀ ਸਭਾ", ਕੈਲਗਰੀ (ਅਲਬਰਟਾ, ਕੈਨੇਡਾ) ਨੇ ਰਵੀ ਨੂੰ "ਇਕਬਾਲ ਅਰਪਨ ਯਾਦਗਾਰੀ ਜੀਵਨ-ਕਾਲ ਪ੍ਰਾਪਤੀ ਪੁਰਸਕਾਰ" ਨਾਲ ਅਭਿਨੰਦਤ ਕੀਤਾ। 2013 ਵਿਚ "ਪੰਜਾਬੀ ਆਰਸੀ ਰਾਈਟਰਜ਼ ਕਲੱਬ (ਕੈਨੇਡਾ)" ਨੇ ਉਸ ਨੂੰ 'ਜੀਵਨ-ਕਾਲ ਪ੍ਰਾਪਤੀ ਪੁਰਸਕਾਰ' ਦਿੱਤਾ।

ਉਹ ਇਆਪਾ ਦਾ ਮੋਢੀ ਪ੍ਰਧਾਨ ਤੇ ਅੰਤਰ-ਰਾਸ਼ਟਰੀ ਸ਼੍ਰੋਮਣੀ ਸਾਹਿਤਕਾਰ ਪੁਰਸਕਾਰ ਦਾ ਸੰਚਾਲਕ ਹੈ। ਰਵਿੰਦਰ ਰਵੀ ਪਾਕਿਸਤਾਨ ਤੋਂ ਬਾਹਰ ਵੱਸਦਾ ਪਹਿਲਾ ਗ਼ੈਰ-ਪਾਕਿਤਸਾਨੀ ਲੇਖਕ ਹੈ—ਜਿਸਦੀਆਂ ਪੁਸਤਕਾਂ ਕਾਇਦੇ ਆਜ਼ਮ ਯੂਨੀਵਰਸਿਟੀ, ਇਸਲਾਮਾਬਾਦ ਵਿਚ ਐਮ. ਏ. (ਪੰਜਾਬੀ) ਦੇ ਕੋਰਸ ਵਿਚ ਲੱਗੀਆਂ ਰਹੀਆਂ ਹਨ। ਪਾਕਿਸਤਾਨ ਵਿਚ ਉਸ ਦੇ ਕਾਵਿ-ਨਾਟਕਾਂ ਉੱਤੇ ਪੀ.ਐੱਚ.ਡੀ. ਪੱਧਰ ਦਾ ਖੋਜ-ਕਾਰਜ ਵੀ ਹੋ ਚੁੱਕਾ ਹੈ। ਪੰਜਾਬੀ ਡਰਾਮੇ ਉੱਤੇ ਆਪਣਾ ਇਹ ਖੋਜ-ਕਾਰਜ, ਡਾ. ਨਿਗਹਤ ਖ਼ੁਰਸ਼ੀਦ ਨਾਰੂ ਨੇ, 2009 ਵਿਚ, ਪੰਜਾਬ ਯੂਨੀਵਰਸਿਟੀ, ਲਾਹੌਰ, ਨੂੰ ਪ੍ਰਸਤੁਤ ਕੀਤਾ।

ਡਾ. ਰਵਿੰਦਰ ਕੌਰ ਬੇਦੀ ਨੇ "ਰਵਿੰਦਰ ਰਵੀ ਦੇ ਕਾਵਿ-ਨਾਟਕਾਂ ਦਾ ਥੀਮ-ਵਿਗਿਆਨਕ ਅਧਿਐਨ", ਵਿਸ਼ੇ ਉੱਤੇ, ਆਪਣਾ ਖੋਜ-ਕਾਰਜ, 2008 ਵਿਚ, ਦਿੱਲੀ ਯੂਨੀਵਰਸਿਟੀ (ਭਾਰਤ) ਨੂੰ ਪ੍ਰਸਤੁਤ ਕਰਕੇ, ਪੀ.ਐਚ.ਡੀ. ਦੀ ਡਿਗਰੀ ਪ੍ਰਾਪਤ ਕੀਤੀ, ਜੋ ਪੁਸਤਕ ਰੂਪ ਵਿਚ 2014 ਵਿਚ ਛਪੀ। ਡਾ. ਕਿਰਨਦੀਪ ਕੌਰ ਨੇ "ਰਵਿੰਦਰ ਰਵੀ ਦਾ ਰਚਨਾ-ਸੰਸਾਰ : ਸੰਵੇਦਨਾ ਤੇ ਸੁਹਜ-ਸੰਚਾਰ", ਵਿਸ਼ੇ ਉੱਤੇ ਆਪਣਾ ਖੋਜ-ਕਾਰਜ, 2013 ਵਿਚ ਸੰਪੂਰਨ ਕਰਕੇ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰਜਾਬ, ਭਾਰਤ ਤੋਂ ਪੀ.ਐਚ.ਡੀ. ਦੀ ਡਿਗਰੀ ਪ੍ਰਾਪਤ ਕੀਤੀ। ਉਸ ਦਾ ਇਹ ਖੋਜ-ਕਾਰਜ ਪੁਸਤਕ-ਰੂਪ ਵਿਚ ਵੀ ਛਪ ਚੁੱਕਾ ਹੈ।

ਪੰਜਾਬੀ ਕਾਵਿ-ਨਾਟਕ ਦੇ ਖੇਤਰ ਵਿਚ ਰਵਿੰਦਰ ਰਵੀ ਨੇ ਇਕ ਨਵਾਂ ਤੇ ਵਿਲੱਖਣ ਇਤਿਹਾਸ ਸਿਰਜਿਆ ਹੈ। ਉਸ ਨੇ ਹੁਣ ਤਕ, 16 ਕਾਵਿ-ਨਾਟਕ ਲਿਖੇ ਹਨ ਅਤੇ 16 ਦੇ 16 ਹੀ 1976 ਤੋਂ 2018 ਤਕ ਦੇ 42 ਸਾਲਾਂ ਵਿਚ ਭਾਰਤ ਦੇ ਨਾਮਵਰ ਰੰਗਕਰਮੀਆਂ ਵੱਲੋਂ ਖੇਡੇ ਜਾ ਚੁੱਕੇ ਹਨ।

2015 ਵਿਚ CIPSA (Canadian International Punjabi Sahit Academy - Brampton, ONT, Canada) ਨੇ ਰਵਿੰਦਰ ਰਵੀ ਨੂੰ "ਬਲਵੰਤ ਗਾਰਗੀ ਮੈਮੋਰੀਅਲ ਇੰਟਰਨੈਸ਼ਨਲ ਅਵਾਰਡ ਆਫ਼ ਡਿਸਟਿੰਕਸ਼ਨ" ਨਾਲ ਸਨਮਾਨਤ ਕੀਤਾ। ਇਹ ਪੁਰਸਕਾਰ ਉਸ ਨੂੰ ਕਾਵਿ-ਨਾਟਕ ਅਤੇ ਥੀਏਟਰ ਦੇ ਖੇਤਰ ਵਿਚ ਪਾਏ ਇਤਿਹਾਸਕ ਯੋਗਦਾਨ ਲਈ ਦਿੱਤਾ ਗਿਆ।



# ਆਰੰਭਕ ਸ਼ਬਦ : 'ਮੈਂ-ਕਾਲ : ਤ੍ਰੈਕਾਲ'



# ਆਰੰਭਕ ਸ਼ਬਦ : 'ਮੈਂ-ਕਾਲ : ਤ੍ਰੈਕਾਲ'



1955 ਤੋਂ, ਅੱਜ ਤਕ, ਮੈਂ ਲਗਾਤਾਰ ਕਵਿਤਾ ਲਿਖਦਾ ਆ ਰਿਹਾ ਹਾਂ। ਇਸ ਤਰ੍ਹਾਂ, ਮੇਰੇ ਕਾਵਿ-ਰਚਨਾ-ਕਾਲ ਦੇ 64ਵੇਂ ਅਤੇ ਉਮਰ ਦੇ 82ਵੇਂ ਸਾਲ ਵਿੱਚ, "ਮੈਂ-ਕਾਲ : ਤ੍ਰੈਕਾਲ", ਮੇਰਾ 23ਵਾਂ ਕਾਵਿ-ਸੰਗ੍ਰਹਿ ਹੈ।

50ਵੇਂ ਦਹਾਕੇ ਦੇ ਅੱਧ ਤੋਂ ਬਾਅਦ, ਪੰਜਾਬੀ ਕਵਿਤਾ ਵਿੱਚ, ਵਿਅਕਤੀਗਤ ਤੇ ਵਿਕੋਲਿਤਰੇ ਰੂਪ ਵਿੱਚ, ਨਵੇਂ ਨਵੇਂ ਪ੍ਰਯੋਗ ਹੋਣ ਲੱਗ ਪਏ ਸਨ। ਮੈਂ ਵੀ ਇਨ੍ਹਾਂ ਕਵੀਆਂ ਵਿੱਚ ਸ਼ਾਮਿਲ ਸਾਂ। 1959-60 ਦੇ ਕਰੀਬ, ਇਹ ਮਹਿਸੂਸ ਕੀਤਾ ਜਾਣ ਲੱਗ ਪਿਆ ਸੀ ਕਿ ਪ੍ਰਗਤੀਵਾਦੀ ਰੋਮਾਂਸਵਾਦੀ ਧਾਰਾ ਦੇ ਜਮੂਦ ਨੂੰ ਤੋੜਨ ਲਈ, ਸੰਗਠਤ ਰੂਪ ਵਿੱਚ ਯਤਨ ਕਰਨ ਦੀ ਲੋੜ ਹੈ ਤਾਂ ਕਿ ਸਿਧਾਂਤਕ ਪੱਧਰ ਉੱਤੇ ਇਸ ਦੌਰ ਦੀ ਕਵਿਤਾ ਦੇ ਵਸਤੂ, ਵਿਧੀ, ਸ਼ੈਲੀ ਅਤੇ ਰੂਪ ਦੀ ਨਿਸ਼ਾਨਦੇਹੀ ਕੀਤੀ ਜਾ ਸਕੇ।

ਇਸ ਲੋੜ ਨੂੰ ਪੂਰਿਆਂ ਕਰਨ ਲਈ, ਮੈਂ, ਡਾ. ਜਸਬੀਰ ਸਿੰਘ ਆਹਲੂਵਾਲੀਆ ਅਤੇ ਅਜਾਇਬ ਕਮਲ ਨੇ ਪ੍ਰਯੋਗਸ਼ੀਲ ਲਹਿਰ ਦਾ ਮੁੱਢ ਬੰਨ੍ਹਿਆਂ। ਬਹੁਤ ਸਾਰੀਆਂ ਗੋਸ਼ਟੀਆਂ ਹੋਈਆਂ। ਪਰਚੇ ਪੜ੍ਹੇ ਤੇ ਵਿਚਾਰੇ ਗਏ। ਵਿਚਾਰ ਛੱਟੇ ਤੇ ਸਵਾਰੇ ਗਏ। ਹਿੰਦੀ ਦੇ ਪ੍ਰਸਿੱਧ ਪ੍ਰਯੋਗਵਾਦੀ ਕਵੀ ਗਿਰਜਾ ਕੁਮਾਰ ਮਾਥੁਰ ਦੇ ਭਾਸ਼ਨਾਂ ਦਾ ਪ੍ਰਬੰਧ ਕੀਤਾ ਗਿਆ। ਇਸ ਸਭ ਕੁਝ ਬਾਰੇ ਮੈਂ ਪਹਿਲਾਂ ਹੀ 1964 ਵਿੱਚ, ਆਪਣੀ ਸੰਪਾਦਨਾ ਹੇਠ ਛਪੀ ਪੁਸਤਕ : "ਪ੍ਰਯੋਗਸ਼ੀਲ ਕਾਵਿ-ਦਰਪਨ" (ਹਜ਼ੂਰੀਆ ਪਬਲਿਸ਼ਰਜ਼, ਜਲੰਧਰ, ਭਾਰਤ) ਵਿੱਚ ਲਿਖ ਚੁੱਕਾ ਹਾਂ। ਇਸ ਪੁਸਤਕ ਦਾ ਨਵੇਂ ਵਾਧਿਆਂ ਵਾਲਾ, ਦੂਜਾ

ਐਡੀਸ਼ਨ, ਨੈਸ਼ਨਲ ਬੁਕ ਸ਼ਾਪ (ਦਿੱਲੀ, ਭਾਰਤ) ਨੇ, 2007 ਵਿੱਚ ਪ੍ਰਕਾਸ਼ਤ ਕੀਤਾ।

1961 ਦੇ ਕਰੀਬ ਪ੍ਰਯੋਗਸ਼ੀਲ ਲਹਿਰ ਵਧੇਰੇ ਤੇ ਸਪਸ਼ਟ ਰੂਪ ਵਿੱਚ ਉੱਭਰਕੇ ਸਾਮ੍ਹਣੇ ਆਈ। ਡਾ. ਜਸਬੀਰ ਸਿੰਘ ਆਹਲੂਵਾਲੀਆ ਦੇ ਸੰਪਾਦਨ ਹੇਠ, 1961 ਵਿੱਚ, ਪ੍ਰਯੋਗਸ਼ੀਲ ਪੰਜਾਬੀ ਕਵਿਤਾ ਦਾ ਇਕ ਚੋਣਵਾਂ ਕਾਵਿ-ਸੰਗ੍ਰਹਿ : "ਪ੍ਰਯੋਗਸ਼ੀਲ ਪੰਜਾਬੀ ਕਵਿਤਾ" (ਪੰਜਾਬੀ ਸਾਹਿਤ ਪ੍ਰਯੋਗ ਅਕਾਡਮੀ, ਜਲੰਧਰ, ਭਾਰਤ) ਛਾਪਿਆ ਗਿਆ। 1965 ਵਿੱਚ, ਡਾ. ਜਸਬੀਰ ਸਿੰਘ ਆਹਲੂਵਾਲੀਆ ਨੇ "ਪ੍ਰਯੋਗਸ਼ੀਲ ਲਹਿਰ ਦਾ ਸਿਧਾਂਤਕ ਪਿਛੋਕੜ" (ਪ੍ਰਕਾਸ਼ਕ: ਪੰਜਾਬੀ ਸਾਹਿਤ ਪ੍ਰਯੋਗ ਅਕਾਡਮੀ, ਜਲੰਧਰ, ਭਾਰਤ) ਪੁਸਤਕ ਦਾ ਸੰਪਾਦਨ ਕੀਤਾ, ਜਿਸ ਵਿੱਚ ਕ੍ਰਮਵਾਰ ਡਾ. ਜਸਬੀਰ ਸਿੰਘ ਆਹਲੂਵਾਲੀਆ, ਰਵਿੰਦਰ ਰਵੀ, ਸੁਖਪਾਲਵੀਰ ਸਿੰਘ ਹਸਰਤ, ਪ੍ਰੀਤਮ ਸਿੰਘ, ਅਜਾਇਬ ਕਮਲ, ਡਾ. ਜਸਵੰਤ ਸਿੰਘ ਨੇਕੀ, ਜਗਤਾਰ, ਸੁਰਜੀਤ ਸਿੰਘ ਸੇਠੀ ਅਤੇ ਪ੍ਰੋ. ਸੁਜਾਨ ਸਿੰਘ (ਕਹਾਣੀਕਾਰ) ਦੇ ਖੋਜ-ਪੱਤਰ ਤੇ ਲੇਖ ਸੰਗ੍ਰਹਿਬੱਧ ਕੀਤੇ ਗਏ। ਇਸ ਤਰ੍ਹਾਂ 1964-65 ਤੋਂ ਇਸ ਲਹਿਰ ਦੀਆਂ ਪ੍ਰਾਪਤੀਆਂ ਦਾ ਲੇਖਾ ਜੋਖਾ ਹੋਣਾ ਆਰੰਭ ਹੋ ਗਿਆ। ਮੋਹਨ ਸਿੰਘ, ਅੰਮ੍ਰਿਤਾ ਪ੍ਰੀਤਮ, ਦੇਵਿੰਦਰ ਸਤਿਆਰਥੀ, ਡਾ. ਹਰਿਭਜਨ ਸਿੰਘ, ਤਾਰਾ ਸਿੰਘ, ਡਾ. ਜਸਵੰਤ ਸਿੰਘ ਨੇਕੀ, ਸੁਖਪਾਲਵੀਰ ਸਿੰਘ ਹਸਰਤ, ਸ.ਸ. ਮੀਸ਼ਾ, ਜਗਤਾਰ, ਸੁਖਬੀਰ, ਸਰਬੰਸ, ਸਤੀ ਕੁਮਾਰ, ਹਰਿਨਾਮ ਤੇ ਹਰਭਜਨ ਸਿੰਘ ਹੁੰਦਲ ਆਦਿ ਕਵੀ ਨਵੇਂ ਨਵੇਂ ਪ੍ਰਯੋਗ ਕਰਨ ਲੱਗ ਪਏ। ਇਨ੍ਹਾਂ ਸਭ ਤੇ ਹੋਰ ਬਹੁਤ ਸਾਰੇ ਨਵੇਂ ਕਵੀਆਂ ਦੀਆਂ ਕਵਿਤਾਵਾਂ, ਮੈਂ ਕ੍ਰਮਵਾਰ "ਪ੍ਰਯੋਗਸ਼ੀਲ ਕਾਵਿ-ਦਰਪਨ" ਦੇ 'ਸਿਰਜਣਾ' ਅਤੇ 'ਸੰਭਾਵਨਾ' ਭਾਗਾਂ ਵਿੱਚ ਸ਼ਾਮਿਲ ਕੀਤੀਆਂ। 'ਦ੍ਰਿਸ਼ਟੀਕੋਨ' ਭਾਗ ਵਿੱਚ ਮੇਰੇ ਮੁੱਖ ਲੇਖ ਦੇ ਨਾਲ ਡਾ. ਹਰਿਭਜਨ ਸਿੰਘ ਤੇ ਡਾ. ਜਸਬੀਰ ਸਿੰਘ ਆਹਲੂਵਾਲੀਆ ਦੇ ਸਿਧਾਂਤਕ ਲੇਖ ਸ਼ਾਮਿਲ ਸਨ। 'ਅੰਤਰਝਾਤ' ਭਾਗ ਵਿੱਚ, ਪ੍ਰਯੋਗਸ਼ੀਲ ਕਵੀਆਂ ਦੀਆਂ, 13 ਚੋਣਵੀਆਂ ਕਵਿਤਾਵਾਂ ਤੇ ਉਨ੍ਹਾਂ ਦੇ ਗਹਿਨ ਅਧਿਅਨ ਛਾਪੇ ਗਏ।

ਪ੍ਰਯੋਗਸ਼ੀਲ ਚੇਤਨਾ ਨਾਲ ਮੈਂ ਮੁੱਢ ਤੋਂ ਹੀ ਜੁੜਿਆ ਰਿਹਾ ਹਾਂ ਅਤੇ ਇਹ ਸਫਰ ਅੱਜ ਤਕ ਜਾਰੀ ਹੈ। "ਮੈਂ-ਕਾਲ : ਤ੍ਰੈਕਾਲ" ਦੀਆਂ ਕਵਿਤਾਵਾਂ, ਇਸੇ ਸਫਰ ਦਾ, ਇਕ ਅਗਲਾ ਪੜਾਅ ਹਨ।

ਅਜੋਕੇ ਯੁੱਗ ਦੀਆਂ ਮਨੋਵਿਗਿਆਨਕ ਜੱਟਿਲਤਾਵਾਂ, ਗੁੰਥੀਆਂ ਤੇ ਤਣਾਅ, ਇਨ੍ਹਾਂ ਕਵਿਤਾਵਾਂ ਦੇ ਤਾਣੇ ਪੇਟੇ ਦਾ ਸਹਿਜ ਅੰਗ ਹਨ। ਇਹ ਕਵਿਤਾਵਾਂ ਸਮਕਾਲੀ ਜੀਵਨ ਦੇ ਛਿਣਿਕ (ਛਿਣ-ਕੁ-ਭਰ ਦੇ) ਅਨੁਭਵਾਂ ਤੇ ਉਨ੍ਹਾਂ ਦੇ ਪ੍ਰਤੀਕਰਮਾਂ ਨੂੰ ਪ੍ਰਭਾਵਵਾਦੀ, ਪੜਯਥਾਰਥਵਾਦੀ, ਨਾਟਕੀ ਅਤੇ ਫੈਂਟਸੀਮਈ



ਰੂਪ ਵਿੱਚ ਪ੍ਰਸਤੁਤ ਕਰਦੀਆਂ ਹਨ। ਐਸੀਆਂ ਕਵਿਤਾਵਾਂ ਆਕਾਰ ਵਿੱਚ ਨਿੱਕੀਆਂ, ਪਰ ਪ੍ਰਭਾਵ ਵਿੱਚ ਤਿੱਖੀਆਂ ਹਨ। ਜੀਵਨ ਦਾ ਦਰਸ਼ਨ ਇਨ੍ਹਾਂ ਕਵਿਤਾਵਾਂ ਵਿੱਚ ਸਹਿਜ ਸਮਾਇਆ ਹੋਇਆ ਹੈ। ਇਸ ਦਰਸ਼ਨ ਦੀ ਪ੍ਰਕਿਰਤੀ ਬਹੁ-ਦਿਸ਼ਾਵੀ ਤੇ ਬਹੁ-ਮੁਖੀ ਹੈ। ਇਹ ਕਵਿਤਾਵਾਂ ਸਘਨ ਅਤੇ ਬਹੁ-ਸਤਰੀਆਂ ਹਨ।

ਜੀਵਨ ਵਾਂਗ ਹੀ, ਇਸ ਸੰਗ੍ਰਹਿ ਦੀ ਕਵਿਤਾ ਤ੍ਰੈ-ਕਾਲ-ਮੁਖੀ ਹੈ। ਕਾਲ ਦੇ ਹੁਣਵੇਂ ਰੂਪ ਵਿੱਚ, ਭੂਤ ਅਤੇ ਭਵਾਨ ਦੇ ਨਕਸ਼ ਸਹਿਜੇ ਹੀ ਪਛਾਣੇ ਜਾ ਸਕਦੇ ਹਨ। ਇਕ ਪਾਸੇ ਜੇ ਇਹ ਕਵਿਤਾ ਜ਼ਿੰਦਗੀ ਦੀ ਨਿਰੰਤਰ ਪ੍ਰਕਿਰਿਆ ਦੇ ਹੁਣਵੇਂ ਜਾਂ ਅੱਜਵੇਂ ਸਰੋਕਾਰਾਂ ਦੀ ਨਿਸ਼ਾਨਦੇਹੀ ਕਰਦੀ ਹੈ, ਤਾਂ ਦੂਜੇ ਪਾਸੇ ਸਦੀਵੀ ਜ਼ਿੰਦਗੀ ਦੇ ਕਾਲ-ਚੱਕਰ ਦੀ ਨਿਰੰਤਰਤਾ ਨੂੰ ਵੀ ਵਿਲੱਖਣ ਅੰਦਾਜ਼ ਵਿੱਚ ਸਿਰਜਦੀ ਹੈ। ਇਹ ਜਾਣਦੇ ਹੋਇਆਂ ਵੀ ਕਿ ਵਿਅਕਤੀਗਤ ਹੋਂਦ ਨਾਸ਼ਮਾਨ ਹੈ, ਇਸ ਤੱਥ ਤੋਂ ਵੀ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਸਦੀਵੀ ਜ਼ਿੰਦਗੀ ਦਾ ਕ੍ਰਮ 'ਪਿਓ-ਪੁੱਤਰ-ਪਿਓ' ਤੇ 'ਬੀਜ-ਰੁੱਖ-ਬੀਜ' ਦੇ ਸੂਤਰਾਂ ਅਨੁਸਾਰ, ਨਿਰੰਤਰ ਜਾਰੀ ਰਹਿੰਦਾ ਹੈ।

ਅੰਤ ਵਿੱਚ, ਇਸ ਪੁਸਤਕ ਬਾਰੇ, ਇਸ ਪੁਸਤਕ ਦੀ ਅੰਤਿਮ ਕਵਿਤਾ: "ਅਨੰਤਿਕਾ: ਇਹ ਪੁਸਤਕ" ਵਿੱਚੋਂ, ਏਥੇ ਹਵਾਲਾ ਦੇਣਾ, ਪ੍ਰਕਰਨ ਤੋਂ ਬਾਹਰੀ ਗੱਲ ਨਹੀਂ ਹੋਵੇਗਾ:

ਇਹ ਪੁਸਤਕ, ਮੇਰੇ ਵਿੱਚੋਂ ਲੰਘੇ,
ਸਰਬ ਸਮਿਆਂ ਦੀ ਇਬਾਰਤ ਹੈ !!!

ਸਥਿਤੀਆਂ ਦੇ ਤਣਾਅ ਵਿੱਚ,
ਮੇਰਾ ਸਹਿਜ ਹੈ,
ਮੇਰਾ ਕਾਵਿ ਹੈ,
ਮੇਰੀ ਇਬਾਦਤ ਹੈ !!!

ਜਨਮ ਸਮੇਂ ਵੀ ਮਨ ਕੋਰਾ ਹੀ ਸੀ,
ਮਰਨ ਸਮੇਂ ਵੀ ਸ਼ੂਨਯ ਹੀ ਹੋਵੇਗਾ !

ਸ਼ੂਨਯ ਤੋਂ ਸ਼ੂਨਯ ਵਿਚਕਾਰ,
ਹਵਾ ਦੇ ਉਲਟ ਰੁਖ ਚੱਲਦਾ -
ਇਹ ਕੌਣ ਹੈ ???

ਮੈਂ ਹਾਂ,
ਮੇਰੀ ਲੋਅ ਹੈ, ਮੇਰੀ ਸ਼ਨਾਖਤ ਹੈ।

ਸ਼ਬਦ ਦੀ ਕਲਾ ਸੁਹਜ ਹੀ ਨਹੀਂ,
ਨਫਾਸਤ ਹੈ, ਲਤਾਫਤ ਹੈ, ਨਜ਼ਾਕਤ ਹੈ !!!

ਸ਼ਬਦ, ਸ਼ਬਦ ਨਾਂ ਰਹੇ,
ਸ਼ਬਦ ਤੋਂ ਪਾਰ ਤੁਰ ਜਾਵੇ ...
ਸੱਚੀ ਸੁੱਚੀ ਦ੍ਰਿਸ਼ਟੀ ਹੀ,
ਕਲਾ ਦੀ,
ਕਾਵਿ ਦੀ ਅਲਾਮਤ ਹੈ!!!

ਆਸ ਕਰਦਾ ਹਾਂ ਕਿ ਇਹ ਕਾਵਿ-ਸੰਗ੍ਰਹਿ ਤੁਹਾਨੂੰ ਪਸੰਦ ਆਵੇਗਾ।

**ਰਵਿੰਦਰ ਰਵੀ**



## ਕਵਿਤਾਵਾਂ



## ਮੈਂ-ਕਾਲ : ਤ੍ਰੈਕਾਲ

ਦਰ ਸਾਡੇ 'ਤੇ ਆ ਗਏ,
ਦਰਿਆਵਾਂ ਦੇ ਵਹਿਣ !

"ਬਣ ਤੂੰ ਵੀ ਦਰਿਆ",
ਇਹ ਲਹਿਰਾਂ ਕਹਿਣ !!!

ਸ਼ਬਦਾਂ ਵਿੱਚ ਜੁ ਵੱਗਦੇ,
ਕੰਢੀਂ ਕਦੇ ਨਾ ਰਹਿਣ।

ਮੇਰਾ ਇਕ, ਇਕ ਸ਼ਬਦ ਹੀ,
ਹੈ ਵਗਦਾ "ਦਰਿਆ"।
ਸੋਚ ਮੇਰੀ 'ਚੋਂ ਜਨਮਿਆਂ,
ਇਹ ਸ਼ਬਦ : "ਖੁਦਾ"।

ਕੰਢਿਆਂ ਵਿੱਚ ਨਾ ਬੱਝਦਾ,
ਅਰਥਾਂ ਦਾ ਬਹਾਅ।
ਫਲਸਫੇ ਵਿੱਚੋਂ ਫਲਸਫਾ,
ਇੰਞ ਹੀ ਰਹਿੰਦਾ ਮੌਲਦਾ।

॥ ਰਹਾਓ ॥

ਈਸਾ, ਬੁੱਧ ਤੇ ਨਾਨਕ ਵੀ,
ਅਰਥਾਂ ਦੇ ਹੀ ਨਾਮ।

ਨਿਤਸ਼ੇ[1], ਮਾਰਕਸ[2] ਤੇ ਸਾਰਤ[3] ਵੀ,
ਸੂਤਰ[4] ਬਣੇ ਪੈਗ਼ਾਮ[5]।

ਆਦਿ-ਕਾਲ ਤੋਂ ਜਾਰੀ ਹੈ,
ਚਿੰਤਨ ਦਾ ਇਹ ਸਿਲਸਿਲਾ।
ਤ੍ਰੈਕਾਲੀ ਦ੍ਰਿਸ਼ਟੀ ਦੇ ਅੰਦਰ,
ਸਮਾਂ ਨਿਰੰਤਰ ਚੱਲ ਰਿਹਾ !!!

1. ਨਿਤਸ਼ੇ : ਫਰੈਡਰਿਕ ਨਿਤਸ਼ੇ—ਜਰਮਨ ਫਿਲਾਸਫਰ
2. ਮਾਰਕਸ : ਕਾਰਲ ਮਾਰਕਸ—ਜਰਮਨ ਫਿਲਾਸਫਰ
3. ਸਾਰਤ : ਜਾਂ ਪਾਲ ਸਾਰਤ—ਫਰਾਂਸੀਸੀ ਫਿਲਾਸਫਰ
4. ਸੂਤਰ : ਫਾਲਮੂਲਾ, ਮੂਲ ਅਰਥ, ਤੱਤ ਸਾਰ
5. ਪੈਗ਼ਾਮ : ਸੰਦੇਸ਼, ਸੁਨੇਹਾ



## ਸੱਸੀ ਲੈ ਗਿਆ ਹਾਸ਼ਮ

ਹੋਤ ਪੁੰਨੂੰ ਨੂੰ
ਚੁੱਕ ਕੇ ਲੈ ਗਏ,
ਸੱਸੀ ਲੈ ਗਿਆ ਹਾਸ਼ਮ !

ਕਹਿਣ, ਕਰਨ ਵਿੱਚ,
ਬੜਾ ਹੀ ਅੰਤਰ !

ਫਿਰ ਵੀ,
ਕਹਿ ਗਿਆ ਹਾਸ਼ਮ !!!

ਸ਼ਬਦਾਂ ਵਿੱਚ ਸੱਸੀ ਦਾ ਵਾਸਾ !!!

ਇਕ ਸਮੇਂ ਦੀ,
ਸਭ ਸਮਿਆਂ ਲਈ,
ਕੀਕੂੰ ਕਹਿ ਗਿਆ ਹਾਸ਼ਮ !!!

ਸੱਸੀ ਲੈ ਗਿਆ ਹਾਸ਼ਮ।

## *ਆਬਰਾ ਕਦਾਬਰਾ

"ਕੁੱਜੇ" ਵਿੱਚ "ਸਮੁੰਦਰ" ਬੰਦ ਕਰਦੇ ਕਰਦੇ,
ਅਸੀਂ ਇਕ ਸ਼ਬਦ "ਦੁਨੀਆਂ" ਵਿੱਚ,
ਸਾਰੀ "ਦੁਨੀਆਂ" ਸਮੇਟ ਲਈ !
"ਅੱਲਾ" ਵਿੱਚ "ਅੱਲਾ",
"ਪਿੰਡ" ਵਿੱਚ "ਪਿੰਡ",
"ਬ੍ਰਹਮੰਡ", "ਆਕਾਸ਼", ਪਕੜ ਲਿਆ !!!

ਸ਼ਬਦ,
ਚਿੰਨ੍ਹ, ਬਿੰਬ, ਪ੍ਰਤੀਕ ਬਣਦੇ ਗਏ,
ਹਰ ਸ਼ਬਦ 'ਚੋਂ, ਇਕ ਨਵਾਂ ਮਨੁੱਖ ਜਣਦੇ ਗਏ,
ਨੂਰ ਪੁੱਗਦੇ ਰਹੇ, 'ਨ੍ਹੇਰ ਛਣਦੇ ਗਏ !

ਆਪਣੇ ਅਰਥਾਂ ਦੇ ਪ੍ਰਕਾਸ਼ ਲਈ,
ਮਨੁੱਖ ਨੇ ਸ਼ਬਦ ਘੜ ਲਿਆ।
ਦ੍ਰਿਸ਼ਟੀ ਵਿੱਚ ਸ੍ਰਿਸ਼ਟੀ ਦਾ,
ਹਰ ਉੱਡਦਾ ਛਿਣ ਫੜ ਲਿਆ !!!

ਗਿਆਨ, ਵਿਗਿਆਨ, ਦਰਸ਼ਨ, ਸਭ,
ਮਨੁੱਖ ਦਾ ਵਿਕਾਸ ਹੈ, ਵਿਸਥਾਰ ਹੈ।

* ਆਬਰਾ ਕਦਾਬਰਾ : ਊਲ ਜਲੂਲ, Absurd



ਸ਼ਬਦ ਬਿਨਾ ਗਿਆਨ,
ਰੇਤ ਦੀ ਕੰਧ ਵਾਂਗ ਢਹਿ ਜਾਏਗਾ!
ਸ੍ਰਿਸ਼ਟੀ ਵਿੱਚੋਂ, ਮਨੁੱਖ ਮਨਫੀ ਕਰ ਦਿਓ,
ਬਾਕੀ ਸਿਫਰ ਰਹਿ ਜਾਏਗਾ !!!
ਨਜ਼ਰ ਆਪੋ ਆਪਣੀ,
ਕੋਨ ਆਪੋ ਆਪਣਾ।

"ਨਜ਼ਰ" ਤੇ "ਕੋਨ" ਸ਼ਬਦ ਵੀ,
ਮਨੁੱਖ ਨੇ ਹੀ ਘੜੇ ਹਨ।
ਆਪਣੇ ਅਰਥ ਪ੍ਰਾਪਤ ਕਰਨ ਲਈ,
"ਦਿੱਖ" ਤੇ "ਅਦਿੱਖ" ਸਭ,
"ਸ਼ਬਦ" ਦੇ ਦੁਆਰ 'ਤੇ ਹੀ ਖੜ੍ਹੇ ਹਨ,
*"ਅਬਰਾ ਕਦਾਬਰਾ" !!!

## ਹੋਂਦਹੀਣਤਾ ਵਲ ਵਧਦੇ ਕਦਮ

ਕਦੇ ਕਦੇ ਇੰਜ ਜਾਪਦਾ ਹੈ, ਕਿ ਮੈਂ
ਬਰਫ ਵਿੱਚ ਉੱਕਰੀ ਹੋਈ,
ਓਸ ਪੈੜ ਵਰਗਾ ਹੋਵਾਂ,
ਜੁ ਤਾਜ਼ੀ ਬਰਫ ਹੇਠ ਦੱਬੀ ਗਈ ਹੋਵੇ।

ਇਹ ਪੈੜ, ਓਥੇ ਹੀ, ਉਵੇਂ ਹੀ ਰਹਿੰਦੀ ਹੈ,
ਪਰ ਨਜ਼ਰ ਨਹੀਂ ਆਉਂਦੀ !!!

ਮੀਂਹ ਪੈਂਦਾ ਹੈ,
ਸਭ ਕੁਝ ਖੁਰ ਜਾਂਦਾ ਹੈ !!!

ਸਾਡਾ ਜੀਵਨ-ਸਫਰ
ਤੇ ਉਸਦੇ ਨਿਸ਼ਾਨ ਵੀ,
ਸਮੇਂ ਨਾਲ,
ਇਸੇ ਤਰ੍ਹਾਂ ਮਿਟ ਜਾਂਦੇ ਹਨ।

ਬਰਫਬਾਰੀ ਹੇਠ, ਅੱਜ ਫੇਰ, ਮੈਂ,
ਆਪਣੇ ਅੰਦਰ ਛੁਪੀ ਹੋਈ,
ਹੋਂਦਹੀਣਤਾ ਤੁਰ ਰਿਹਾ ਹਾਂ !!!
ਇੱਕੋ ਸਮੇਂ, ਮੈਂ, ਹੋਂਦ ਵੀ ਹਾਂ ਤੇ ਨਿਹੋਂਦ ਵੀ !!!



## ਲਹਿੰਦੇ ਵਲ ਜਾਂਦੀ ਸੜਕ

ਉੱਚੇ ਪਰਬਤ ਦੀ ਟੀਸੀ ਤੋਂ,
ਤੁਰੀ ਸੀ ਇਕ ਕੂਲ੍ਹ !

ਹੋਰ ਕੂਲ੍ਹਾਂ ਨਾਲ ਜੁੜਕੇ,
ਪਹਿਲਾਂ ਝੀਲ,
ਫੇਰ ਦਰਿਆ ਬਣੀ !!!

ਸੂਰਜ, ਚੰਨ, ਸਿਤਾਰੇ,
ਆਕਾਸ਼ ਤੇ ਅਦਿੱਖ ਨਜ਼ਾਰੇ,
ਇਸ ਵਿੱਚ ਡੁੱਬ, ਡੁੱਬ ਨਹਾਉਂਦੇ ਰਹੇ !
ਨਾਲ ਵੀ ਤੁਰਦੇ ਰਹੇ, ਗੀਤ ਵੀ ਗਾਉਂਦੇ ਰਹੇ !!!

ਪਰਬਤ ’ਚੋਂ ਨਿਕਲਕੇ,
ਦਰਿਆ ਇਕੱਲਾ ਹੋ ਗਿਆ।
ਰੁੱਖਾਂ ਵਿੱਚ ਟੁੱਟੇ ਜੰਗਲ ਵਿੱਚ ...
ਤੁਰਦਾ, ਤੁਰਦਾ,
ਆਪਣੇ ਅੰਦਰ ਬਿਖਰ ਗਿਆ !!!

ਇਸ ਦੇ ਕੰਢਿਆਂ ਉੱਤੇ,
ਮੇਲੇ ਵੀ ਲੱਗਦੇ ਰਹੇ।
ਯਾਰਾਂ, ਦੋਸਤਾਂ ਦੇ ਫੁੱਲ ਖਿੜਦੇ,
ਦੀਵੇ ਜੱਗੇ ਰਹੇ।

ਜਾਗੋ ਮੀਟੇ ਵਿੱਚ ਦਰਿਆ,
ਨੀਵਾਣਾਂ ਨਾਲ ਨੀਵਾਂ ਹੁੰਦਾ, ਹੁੰਦਾ,
ਲਹਿੰਦੇ ਵਲ ਬੇ-ਸੂਰਜ ਹੋ, ਹੋ-
ਸਾਗਰ ਤਕ ਪਹੁੰਚ ਗਿਆ।

ਸਾਗਰ ਪਾਟ ਗਿਆ !

ਡੁੱਬ ਗਿਆ ਉਸ ਵਿੱਚ ਦਰਿਆ,
ਬੇਨਾਮ, ਬੇ-ਨਿਸ਼ਾਨ ਹੋਣ ਲਈ !!!

ਉੱਚੇ ਪਰਬਤ ਤੋਂ,
ਤੁਰੀ ਸੀ ਇਕ ਕੂਲ੍ਹ !!!



## ਸ਼ੂਨਯ ਦੀ ਸ਼ੂਨਯਤਾ

ਸ਼ੂਨਯ ਤੋਂ ਅੱਗੇ ਵੀ ਕੁਝ ਹੈ ?
ਕਿ ਏਥੇ ਆ ਕੇ, ਸਭ ਕੁਝ ਮੁੱਕ ਜਾਂਦਾ ਹੈ ???

ਸਦੀਆਂ ਦੇ ਸਵਾਲਾਂ ਨੂੰ ਪੈਰਾਂ ਹੇਠ ਰੌਂਦਦੀ,
ਜ਼ਿੰਦਗੀ,
ਬੀਜ ’ਚੋਂ ਰੁੱਖ ਬਣਦੀ,
ਫੁੱਲ ’ਚੋਂ ਮਹਿਕ ਜਣਦੀ,
‘ਪਿਤਾ-ਪੁੱਤਰ-ਪਿਓ’ ਦੇ ਸੂਤਰ ’ਚੋਂ,
‘ਪੀੜ੍ਹੀ-ਦਰ-ਪੀੜ੍ਹੀ’, ਨਿਰੰਤਰ ਤੋਰ ਬਣਦੀ-

ਸ਼ੂਨਯ ਨੂੰ ਉਸ ਦੀ ਸ਼ੂਨਯਤਾ, ਵਿਖਾ ਰਹੀ ਹੈ !
ਪਿੰਡ ਤੇ ਬ੍ਰਹਮੰਡ ਜੇਡਾ, ਗੀਤ ਗਾ ਰਹੀ ਹੈ !!!

## ਹਰ ਪਾਸੇ ਇਕਲਾਪਾ

ਹਰ ਪਾਸੇ ਇਕਲਾਪਾ !

ਤਾਰ ਉੱਤੇ ਇਕ ਪੰਛੀ ਬੈਠਾ,
ਅੰਬਰ ਸੰਗ ਸੰਬਾਦ ਰਚਾਵੇ।
ਚਹਿਕੇ, ਟਹਿਕੇ, ਗਾਵੇ ਆਪਾ !
ਹਰ ਪਾਸੇ ਇਕਲਾਪਾ !!!

ਬਾਰੀ ਵਿੱਚੋਂ ਨਜ਼ਰਾਂ ਵੇਖਣ :
ਵਣ ਦੇ ਰੁੱਖ, ਰੁੱਖਾਂ ’ਤੇ ਅੰਬਰ।
ਕੱਲਾ ਕੱਲਾ ਕਿੰਜ ਅਨਾਪਾ !
ਹਰ ਪਾਸੇ ਇਕਲਾਪਾ !!!

ਪਰਬਤ ’ਚੋਂ ਇਕ ਕੂਲ੍ਹ ਵਗੇਂਦੀ,
ਝੀਲ ਬਣੇ, ਫਿਰ ਬਣੇ ਨਦੀ।
ਕੰਢਿਆਂ ਦੇ ਵਿੱਚ ਬੰਦ ਇਕਲਾਪਾ।
ਹਰ ਪਾਸੇ ਇਕਲਾਪਾ !!!

ਸਾਗਰ ਵਿੱਚ ਵਿਸ਼ਵ ਦੀਆਂ ਨਦੀਆਂ।
ਆਪਣੇ ਅੰਦਰ ਸਾਗਰ ਬੰਦ।
ਆਪਣਾ ਪਿੰਜਰਾ, ਆਪਣਾ ਆਪਾ।
ਹਰ ਪਾਸੇ ਇਕਲਾਪਾ !!!



ਮੇਰੇ ਅੰਦਰ ਪਿੰਡ, ਬ੍ਰਹਮੰਡ,
ਤਾਰੇ, ਸੂਰਜ, ਅੰਬਰ, ਚੰਦ।
ਖੰਡ ਖੰਡ ਹੋਇਆ ਹੈ ਕਿੰਜ ਆਪਾ ?
ਹਰ ਪਾਸੇ ਇਕਲਾਪਾ !!!

## ਖੁਦਾਈ ਅਨੁਭਵ

ਅਸੀਂ ਹਵਾ ਵਿੱਚੋਂ ਲੰਘ ਗਏ, ਹਵਾ ਵਾਂਗਰਾਂ।
ਤੈਨੂੰ ਅੱਜ ਫੇਰ ਮਿਲੇ ਹਾਂ, ਦੁਆ ਵਾਂਗਰਾਂ।

ਕਿਤੇ ਵਿੱਥ ਵੀ ਨਾ ਰਹੀ - ਮਨ, ਤਨ, ਆਤਮਾਂ,
ਇਕ ਮਿਕ ਤੇਰੇ ਨਾਲ ਨੇ, ਫਿਜ਼ਾਂ ਵਾਂਗਰਾਂ।

ਅਸੀਂ ਅੱਖ ਵੀ ਨਾ ਮਾਰੀ, ਨਾ ਹੀ ਤੁਸੀਂ ਸ਼ਰਮਾਏ,
ਮਿਲੀ ਰੌਸ਼ਨੀ ਨੂੰ ਰੌਸ਼ਨੀ, ਅਦਾ ਵਾਂਗਰਾਂ।

ਸਾਡੀ ਚੁੱਪ ਵਿੱਚੋਂ ਨਗ਼ਮੇਂ ਹਜ਼ਾਰਾਂ ਜਾਗ ਪਏ,
ਕਿਸੇ ਮਜਨੂੰ ਦੇ ਦਿਲ ਦੇ ਸ਼ੁਦਾ ਵਾਂਗਰਾਂ।

ਕਿੱਥੇ ਆਪ ? ਤੇ ਅਨਾਪ ਕਿੱਥੇ ? ਮੈਂ, ਤੂੰ ਏਥੇ,
ਝਰਨੇਂ ’ਚ ਖੇਲ੍ਹਦੀ ਸ਼ੁਆ ਵਾਂਗਰਾਂ।

ਸਾਡੀ ਰਚਨਾਂ ’ਚ ਸਾਡਾ ਹੀ ਵਜੂਦ ਵੱਸਦਾ,
ਇਸ ਖਲਕ ’ਚ ਵੱਸਦੇ ਖੁਦਾ ਵਾਂਗਰਾਂ।



## ਖੁੱਲ੍ਹੀਆਂ ਅੱਖਾਂ ਵਿੱਚ ਸੁੱਤਾ ਆਦਮੀਂ

ਏਧਰ ਮਹਾਂ ਤੂਫਾਨ ਉੱਠ ਰਿਹਾ ਹੈ,
ਓਧਰ ਮੌਸਮ ਸ਼ਾਂਤ ਹੋ ਗਿਆ ਹੈ।
ਦੋ ਅੱਤਾਂ ਵਿਚਕਾਰ ਤੁਰਦਾ, ਤੁਰਦਾ,
ਇਹ ਕੌਣ ? ਕਿਵੇਂ ਖੜੋ ਗਿਆ ਹੈ ?

ਕੁਦਰਤ ਦੇ ਅਨੇਕਾਂ ਬਿੰਬ ਹਨ,
ਇੰਦ, ਸਮੁੰਦ ਤੇ ਸੂਰਜ, ਚੰਦ ਹਨ।
ਬਿੰਬਾਂ ਦੀ ਸਿਖਰ ਜੀਣਾਂ ਲੋਚਦਾ, ਕੌਣ
ਸਿਰ ਭਾਰ ਡਿੱਗਾ, ਚੁੱਪ ਹੋ ਗਿਆ ਹੈ ?

ਬੇਗਾਨੀ ਖੱਲ ’ਚ ਸਮਾਇਆ ਨਹੀਂ ਜਾਂਦਾ,
ਆਪਣਾ ਆਪ ਬਣਨਾ ਵੀ ਨਹੀਂ ਸੰਭਵ।
ਨਾਂ ਪੂਰਨ ਵਿਅਕਤੀ, ਨਾਂ ਪੂਰਨ ਸਮਾਜ,
ਟੁੱਕੜੇ, ਟੁੱਕੜੇ ਚਿੰਤਨ ’ਚ ਖੋ ਗਿਆ ਹੈ !!!

ਆਮ ਆਦਮੀ ਜੰਮਦਾ ਹੈ, ਜਿਊਂਦਾ ਨਹੀਂ,
ਆਤਮ-ਹੀਣ, ਟੁੱਟਦਾ ਹੈ, ਜੁੜਦਾ ਨਹੀਂ।
ਹਰ ਛਿਣ ਡੁੱਬਦਾ ਹੈ, ਚੜ੍ਹਦਾ ਨਹੀਂ -
ਖੁੱਲ੍ਹੀਆਂ ਅੱਖਾਂ ’ਚ ਸੋ ਗਿਆ ਹੈ !!!

## ਰੌਸ਼ਨੀ ਦੇ ਅੱਖਰ

ਰੌਸ਼ਨੀ ਦੇ ਅੱਖਰ,
ਰੌਸ਼ਨੀ ਹੀ ਉਠਾਲ ਸਕਦੀ ਹੈ !

ਮੇਰੇ ਅੰਦਰ, ਮੈਂ ਹਾਂ,
ਮੇਰੀ ਰੌਸ਼ਨੀ, ਮੇਰਾ ਕਾਵਿ ਹੈ।

ਆਮ ਲੋਕ,
ਰੌਸ਼ਨੀ ਵਿੱਚ ਰਹਿੰਦੇ ਹੋਏ ਵੀ,
ਰੌਸ਼ਨ ਨਹੀਂ ਹੁੰਦੇ !!!



## ਮੁਹੱਬਤ : ਜ਼ਿੰਦਗੀ ਦੀ ਪਾਰ ਗਾਥਾ

ਮੁਹੱਬਤ, ਸੁਭਾਵਕ ਹੀ,
ਇਕ ਦੂਜੇ 'ਤੇ ਘਟਣ
ਦਾ ਅਹਿਸਾਸ ਹੈ !

ਮੁਹੱਬਤ ਵਿੱਚ,
ਮਹਿਕ ਰੌਸ਼ਨੀ ਬਣ ਜਾਂਦੀ ਹੈ
ਤੇ ਰੌਸ਼ਨੀ ਗੀਤ !

ਸੂਰਜ ਦੀਆਂ ਕਿਰਨਾਂ ਦੀ ਸਰਗਮ :
ਨ੍ਰਿਤ ਕਰਦੀ ਆਬਸ਼ਾਰ -
ਨਦੀ ਗੁਣਗੁਣਾਉਦੀ ਹੈ !!!

ਮੁਹੱਬਤ,
ਪਿੰਡ ਤੇ ਬ੍ਰਹਮੰਡ ਦੀ,
ਮਾਂ ਵੀ ਹੈ ਤੇ ਮਹਿਬੂਬ ਵੀ !

ਮੁਹੱਬਤ,
ਜ਼ਿੰਦਗੀ ਦੀ ਪਾਰ ਗਾਥਾ ਹੈ !!!

## ਮੁਹੱਬਤ : ਇਕ ਜਣਨੀ

ਮੁਹੱਬਤ ਬਣ ਕੇ ਆਈ ਏਂ,
ਤਾਂ,
ਮੁਹੱਬਤ ਬਣ ਕੇ ਦਿਖਾ !

ਗਿਲੇ ਸ਼ਿਕਵੇ ਨਹੀਂ-

ਹੁਣ ਦੀ ਘੜੀ,
ਸਿੱਪੀ ਵਾਂਗ ਖੁੱਲ੍ਹ ਜਾ !!!

ਪ੍ਰੇਮੀ ਵੀ ਇਕ ਆਸਮਾਨ ਹੁੰਦਾ ਹੈ,
ਉਸ ਨੂੰ ਆਪਣੇ ਅੰਦਰ ਸਮਾਅ,
ਜਣਨੀ ਬਣ ਜਾ !!!



## ਨਜ਼ਰ ਨਜ਼ਰ ਦੀ ਬਾਤ

ਉਹ ਬੜੀ ਖ਼ੂਬਸੂਰਤ ਹੈ,
ਸਭ ਤੋਂ ਵੱਧ ਸੁਨੱਖੀ,
ਵਿਲੱਖਣ !!!

ਨਜ਼ਰ ਕਿਸੇ ਇਕ 'ਤੇ ਨਹੀਂ ਟਿਕਦੀ,
ਉਸ 'ਤੇ ਟਿਕ ਗਈ ਹੈ !!!

ਸੁੰਦਰਤਾ,
ਸ਼ਬਦਾਂ ਵਿੱਚ ਹੀ ਨਹੀਂ,
ਨਿਸ਼ਬਦ ਅਹਿਸਾਸ ਵਿੱਚ ਵੀ ਹੁੰਦੀ ਹੈ !

ਉਹ ਬੜੀ ਖ਼ੂਬਸੂਰਤ ਹੈ !!!

## ਇਕ ਤਰਫਾ ਸੰਵਾਦ

ਉਹ ਆਈ,
ਆ ਕੇ ਚਲੇ ਗਈ !

ਸਾਡੇ ਕੋਲ,
ਅਨੇਕ ਸ਼ਬਦ ਸਨ।

ਇਕ ਸ਼ਬਦ ਵੀ,
ਬੋਲ ਨਾ ਬਣਿਆਂ !!!

ਸਾਡਾ ਰਿਸ਼ਤਾ;
ਇਕ ਤਰਫਾ ਸੰਵਾਦ,
ਖਾਮੋਸ਼ੀ ਵਿੱਚ !!!



## ਉਦਾਸੀ

ਹਵਾ ਵੀ ਨਹੀਂ ਚੱਲ ਰਹੀ !

ਬਾਗੀਚੇ ਵਿੱਚ ਲੱਗੇ ਫੁੱਲ ਵੀ,
ਖਲਾਅ ਵਿੱਚ ਖਲਾਅ ਹੋ ਗਏ ਹਨ।

ਮਹਿਕ ਦੇ ਨਾਲ ਜੁੜੇ ਹੋਏ ਸੁਪਨ,
ਛਿਣ ਦੀ ਛਿਣ,
ਹਵਾ ਹੋ ਗਏ ਹਨ !!!

ਸ਼ੋਰ ਵੀ,
ਚੁੱਪ ਦੀ ਸਮਾਧੀ ਵਿੱਚ ਜਾਪਦਾ ਹੈ !

ਨਜ਼ਰ ਹੁੰਦਿਆਂ ਵੀ,
ਨਜ਼ਰ ਨਹੀਂ ਆਉਂਦਾ।

ਸਮਾਂ ਰੁਕ, ਖੜੋ ਗਿਆ ਹੈ !!!

ਅੱਜ ਮੈਂ ਬੜਾ ਉਦਾਸ ਹਾਂ !!!
ਮੈਨੂੰ ਕੀ ਹੋ ਗਿਆ ਹੈ ???

## ਹੁਣ ਤੂੰ ਚਲੀ ਜਾ

ਹੁਣ ਤੂੰ,
ਚਲੀ ਜਾ–

ਮੈਂ ਤੈਨੂੰ,
ਆਪਣੇ ਅੰਦਰ,
ਵਸਾ ਲਿਆ ਹੈ !!!

ਇਸ ਦੁਨੀਆਂ ਦੀ ਨਜ਼ਰ,
ਬੜੀ ਕਮਜ਼ੋਰ ਹੈ।
ਆਪਣੇ ਆਪ ਤੋਂ ਬਿਨਾਂ,
ਇਹ ਸਭ ਕੁਝ ਵੇਖ ਸਕਦੀ ਹੈ।

ਹੁਣ ਤੂੰ ਚਲੀ ਜਾ,
ਸਭ ਨੂੰ ਆਪਣਾ ਆਪ ਵਿਖਾ !!!



## ਇਕ ਕਿੱਸਾ ਸਾਡਾ ਵੀ

ਤੁਰਨਾ ਹੀ ਹੈ ਮੰਜ਼ਲ ਸਾਡੀ,
ਅਸਾਂ ਨਾ ਟਿਕ ਕੇ ਬਹਿਣਾ।
ਸਾਗਰ ਵਿੱਚ ਮਾਰੀਏ ਛਾਲਾਂ,
ਕੰਢਿਆਂ ਤੋਂ ਕੀ ਲੈਣਾ ?

ਨਜ਼ਰਾਂ ਦੇ ਵਿੱਚ ਮੋਤੀ ਚਮਕਣ,
ਸਿੱਪੀਆਂ ਵਿੱਚ ਸਵਾਂਤ।
ਆਪਣੇ ਬੀਜ ਦੀ ਰਚਨਾ ਆਪੇ,
ਮਨ ਨਾ ਅਜੇ ਵੀ ਸ਼ਾਂਤ !
ਦਿਸਹੱਦਿਆਂ ’ਤੇ ਯਾਰ ਨਾ ਮਿਲਦੇ,
ਭਰਮਾਂ ਵਿੱਚ ਕੀ ਪੈਣਾਂ !!!

ਏਧਰ ਹੈ ‘ਨਾਨਕ’ ਦਾ ਰਸਤਾ,
ਕਿਰਤ ਵੀ ਵੰਡਦੇ ਜਾਓ।
ਓਧਰ ਬੁੱਧ-ਸਮਾਧੀ ਅੰਦਰ,
ਨਾ ਭੈ ਹੈ, ਨਾ ਭਾਓ।
ਆਪਣਾ ਰਸਤਾ, ਅਰਥ ਵੀ ਆਪਣਾ,
ਆਪਣੇ ਰਸਤੇ ਪੈਣਾਂ !

ਬੁੱਲ੍ਹੇ ਸ਼ਾਹ ਮਹਿਮਾਨ ਅਸਾਡਾ,
ਵਾਰਸ ਸੁਖਨ ਦਾ ਵਾਰਸ।
ਹੀਰਾਂ ਰਾਂਝੇ, ਮਿਰਜ਼ਾ ਸਾਹਿਬਾਂ,
ਇਸ਼ਕ ਹੈ ਇੱਕੋ ਪਾਰਸ।
ਕਿੱਸਿਆਂ ਦੇ ਸੰਸਾਰ ’ਚ ਆਪਾਂ,
ਆਪਣਾਂ ਕਿੱਸਾ ਕਹਿਣਾਂ !

ਕਿੱਸਾ ਸਾਡਾ ਜੀਭ ’ਤੇ ਛਾਲਾ,
ਫਟ ਫਟ ਨਿਕਲਣ ਬੋਲ।
ਦਰਦ ਹੀ ਮਾਂ ਤੇ ਦਰਦ ਹੀ ਪਿਓ ਹੈ,
ਦਰਦ ਹੀ ਸਾਡਾ ਢੋਲ।
ਇਕ ਅਜਨਮੇਂ ਅੱਥਰੂ ਵਾਂਗੂੰ,
ਪਲਕਾਂ ’ਤੇ ਟਿਕ ਬਹਿਣਾਂ !!!



## ਆਪਣਾ ਆਪਣਾ ਜੰਗਲ

ਮੇਰੇ ਅੰਦਰ,
ਪਹਾੜ ਗੁੰਮ ਗਿਆ ਹੈ ? ਜਾਂ ਸਮੁੰਦਰ ?

ਜਾਂ ਇਨ੍ਹਾਂ ਨੂੰ ਜੋੜਨ ਵਾਲਾ, ਦਰਿਆ
ਟੁੱਟ ਗਿਆ ਹੈ, ਇਨ੍ਹਾਂ ਨਾਲੋਂ ?

ਰੁੱਖਾਂ ਦੀਆਂ ਜੜ੍ਹਾਂ ਆਕਾਸ਼ ਵੱਲ ਹਨ
ਤੇ ਪੰਛੀ ਭੂ-ਨਿਮਨ ਹੋ ਗਏ ਹਨ !

ਉਡਾਰੀਆਂ ਤੇ ਕਿਲਕਾਰੀਆਂ ਦੇ
ਪ੍ਰੇਤ-ਪਰਛਾਵੇਂ ਹਰ ਤਰਫ !!!

ਅਰਾਜਕਤਾ ਫੈਲ ਗਈ ਹੈ !

ਘਾਤ ਲਾਈ ਬੈਠੇ ਹਨ,
ਇਕ ਦੂਜੇ ’ਤੇ,
ਮੇਰੇ ਵੱਖ ਵੱਖ ਚਿਹਰੇ, ਮਖੌਟੇ।

“ਤਕੜੇ ਦਾ ਸੱਤੀਂ ਵੀਹੀਂ ਸੌ”
ਦਾ ਸੁਰ ਹਾਵੀ ਹੈ, ਹਰ ਤਰਫ,
ਸਹਿ-ਹੋਂਦ ਦੀ ਇੱਛਾ,
ਕਾਫੂਰ ਹੋ ਗਈ ਹੈ, ਕੀ ???

ਮਾਰ ਵੀ ਆਪਣੀ ਤੇ ਮੌਤ ਵੀ !!!
ਬਾਹਰੋਂ ਸੱਭਿਅਕ ਨਜ਼ਰ ਆਉਂਦਾ ਹੋਇਆ ਵੀ, ਮੈਂ
ਅੰਦਰੋਂ ਜੰਗਲੀ ਹੋ ਗਿਆ ਹਾਂ !!!

ਮੇਰੇ ਅੰਦਰ,
ਪਹਾੜ ਗੁੰਮ ਗਿਆ ਹੈ ? ਜਾਂ ਸਮੁੰਦਰ ?



## ਥਲ ਵਿੱਚ ਘਿਰੀ ਨਦੀ

ਜਦੋਂ
ਇਸਤਰੀ ਤੇ ਪੁਰਖ ਦੇ,
ਸਿਰਜਕ ਅੰਗ,
ਨਕਾਰਾ ਹੋ ਜਾਂਦੇ ਹਨ,
ਤਾਂ ਜ਼ਿੰਦਗੀ,
ਇਕ ਅਣਇੱਛਤ
ਉਮਰ-ਕੈਦ ਬਣ ਜਾਂਦੀ
ਤੇ ਨਦੀ,
ਥਲ ਵਿੱਚ ਘਿਰ ਜਾਂਦੀ ਹੈ !!!

## ਸੰਧੂਰੀ ਅੰਬੀਆਂ ਬਨਾਮ ਵਰਜਤ ਰਿਸ਼ਤੇ

ਤੂੰ ਕਦੇ ਵੀ ਮੈਨੂੰ,
ਸੱਜਰੀ ਨਜ਼ਰ ਨਹੀਂ ਆਉਂਦੀ !

ਕਈ ਦਿਨਾਂ ਦੀ ਬਹੀ ਤੇ ਸੁੱਕੀ ਹੋਈ ਰੋਟੀ ਵਾਂਗ,
ਭੁੱਖ ਮਾਰਨ ਲਈ,
ਪਾਣੀ ਨਾਲ ਲੰਘਾਉਂਦਾ ਰਿਹਾ ਹਾਂ ਤੈਨੂੰ ਲਗਾਤਾਰ !!!

ਨਵਾਂ ਨਵਾਂ ਵਿਆਹ,
ਬੜਾ ਯਾਦ ਆਉਂਦਾ ਹੈ :
ਸੰਗੀਤ, ਸੁੰਦਰਤਾ ਤੇ ਸੱਤਰੰਗੀਆਂ, ਉਦੋਂ
ਉਜਾੜਾਂ ਨੂੰ ਵੀ ਫੁੱਲ, ਸੁਗੰਧਾਂ ਵਿੱਚ ਬਦਲ ਦਿੰਦੇ,
ਮੇਲਦੇ ਦੋਮੇਲ !

ਸੁਫਨੇ ਜਾਗਦੇ, ਤੁਰਦੇ, ਵੇਖਦੇ,
ਇਕ ਦੂਜੇ ਵਿੱਚ ਵਿਚਰਦੇ।

ਤਨ, ਮਨ ਇਕ ਹੋ ਕੇ,
ਇਕ ਦੂਜੇ ਵਿੱਚ,
ਖਿੜਦੇ, ਮਹਿਕਦੇ, ਨੁੱਚੜਦੇ ਸਨ !!!

ਵਿਆਹ ਤੋਂ ਕੁਝ ਵਰ੍ਹੇ ਬਾਅਦ,
ਇਨਸਾਨ ਨੂੰ ਕੀ ਹੋ ਜਾਂਦਾ ਹੈ ???



ਇਕ ਹੀ ਚਿਹਰਾ,
ਮੱਥੇ ਵਿੱਚ, ਵੱਟੇ ਵਾਂਗ,
ਵਾਰ ਵਾਰ ਵੱਜਦਾ ਹੈ !

ਘਰ ਦਾ ਹਲਵਾ ਵੀ,
ਸੁੱਕੀ ਹੋਈ ਰੋਟੀ ਵਾਂਗ, ਗਲੇ ਵਿੱਚ ਅੜ ਜਾਂਦਾ ਹੈ !!!

ਐਸੇ ਹੀ ਸਮੇਂ,
ਅਕਸਰ ਇਕ ਲੋਕ ਗੀਤ ਯਾਦ ਆਉਂਦਾ ਹੈ :

"ਟਾਂਡੇ ਚੂਪਨੈਂ ਚਰ੍ਹੀ ਦੇ ਹਾਣੀਆਂ,
ਘਰ 'ਚ ਸੰਧੂਰੀ ਅੰਬੀਆਂ,
ਪਈਆਂ ਝੁਕ ਝੁਕ ਪੈਂਦੀਆਂ ਨੇ ਟਾਹਣੀਆਂ,
ਵੇ ਘਰ 'ਚ ਸੰਧੂਰੀ ਅੰਬੀਆਂ !!!"

## *ਮਖੌਟੇਮੇਨੀਆਂ

ਇਕ ਤੋਂ ਦੂਜੀ ਥਾਂ ਸਫਰ ਕਰਦੇ,
ਬੀਤ ਚੱਲੇ ਹਾਂ !!!

ਨਾ ਟਿਕਾਅ ਹੈ, ਨਾ ਪੜਾਅ ਹੈ,
ਕਦੋਂ ਪਹੁੰਚਾਂਗੇ ???

ਰਸਤੇ ਵਿੱਚ ਕੁਝ ਸਿਫਰੇ ਮਿਲੇ,
ਕੁਝ ਹਿੰਦਸੇ-

ਮਖੌਟੇ ਹੀ ਮਖੌਟੇ ਸਨ,
ਇਸ ਤਰਫ, ਉਸ ਤਰਫ, ਹਰ ਤਰਫ !!!

ਭੀੜ ਜਿਹੀ ਵਿੱਚ, ਧੱਕਮ-ਧੱਕੇ ਦੇ
ਰੇਲੇ ਵਾਂਗ ਤੁਰਦੇ ਰਹੇ,
ਟੁੱਟਦੇ, ਕਿਰਦੇ, ਖੁਰਦੇ, ਭੁਰਦੇ ਰਹੇ,
ਸਬੂਤਾਪਨ ਟੋਲ੍ਹਦੇ !!!

ਕਿੰਨੇਂ ਗ਼ੈਰ-ਕੁਦਰਤੀ ਹੋ ਗਏ ਹਾਂ !!!

ਧਰਤੀ, ਅਸਮਾਨ ਵੀ,
ਸਾਗਰ, ਦਰਿਆ ਵੀ,

* ਮਖੌਟੇਮੇਨੀਆਂ : ਮਖੌਟਾ + ਮੇਨੀਆਂ—Mask+Menia



ਪਿੰਡ ਵੀ, ਬ੍ਰਹਮੰਡ ਵੀ,
ਮਖੌਟੇ ਹੀ ਜਾਪਦੇ ਹਨ,
ਹੁਣ ਤਾਂ !!!

ਮਖੌਟਿਆਂ ਦੇ ਇਸ ਜੰਗਲ ਪਿਛਲਾ
ਸੱਚ ਕਿੱਥੇ ਹੈ ???

ਇਕ ਤੋਂ ਦੂਜੀ ਥਾਂ ਸਫਰ ਕਰਦੇ,
ਬੀਤ ਚੱਲੇ ਹਾਂ !!!
ਨਾ ਟਿਕਾਅ ਹੈ, ਨਾ ਪੜਾਅ ਹੈ,
ਕਦੋਂ ਪਹੁੰਚਾਂਗੇ ???

## ਪਿਛਾਂਹ ਵਲ ਖੁੱਲ੍ਹਦੀ ਖਿੜਕੀ

ਤੈਨੂੰ ਮਿਲਣ ਲਈ,
ਹੁਣ ਮੈਨੂੰ ਤੇਰੇ ਕੋਲ ਨਹੀਂ ਆਉਣਾ ਪੈਂਦਾ।

ਮੇਰੇ ਕੋਲ ਤੇਰੀ ਐਲਬਮ ਹੈ,
ਤਸਵੀਰਾਂ ਹਨ,
ਇਨ੍ਹਾਂ ਦੇ ਰੰਗਦਾਰ ਮੌਸਮ ਹਨ !

ਜੋ ਸਮਾਂ ਬੀਤ ਰਿਹਾ ਹੈ,
ਉਹ ਰਾਸ ਨਹੀਂ ਆ ਰਿਹਾ।

ਜੋ ਸਮਾਂ ਆਉਣ ਵਾਲਾ ਹੈ,
ਉਹ ਵਿਖਾਈ ਨਹੀਂ ਦਿੰਦਾ।

ਇਸ ਲਈ,
ਤੇਰੇ ਤੁਰ ਜਾਣ ਤੋਂ ਬਾਅਦ,
ਮੈਂ ਇਹ ਖਿੜਕੀ ਖੋਲ੍ਹ ਲੈਂਦਾ ਹਾਂ।

ਆਪਣੇ ਆਪ ਵਿੱਚ ਜੀ ਲੈਂਦਾ ਹਾਂ,
ਆਪਣੇ ਆਪ ਨੂੰ ਕੁਝ ਬੋਲ ਲੈਂਦਾ ਹਾਂ :
-ਉੱਚੀ ਸੋਚ, ਉੱਚੇ ਬੋਲ-
ਇਹ ਸੋਚਦਾ ਹੋਇਆ, ਕਿ
ਗੁੰਗਾ ਨਾ ਹੋ ਜਾਏ ਅੱਜ ਦਾ ਇਨਸਾਨ,
ਹੁੰਗਾਰੇ ਬਿਨਾਂ !
ਇਸ਼ਾਰੇ ਬਿਨਾਂ !



## ਕਾਲ ਦਾ ਚੱਕ੍ਰਵਯੂਹ

ਮੈਂ ਕਿਸ ਕਾਲ ਵਿੱਚ ਜੀ ਰਿਹਾ ਹਾਂ ???

ਕੱਲ੍ਹ, ਅੱਜ ਤੇ ਭਲਕ,
ਇਕ ਦੂਜੇ ਵਿੱਚ ਉਲਝ ਗਏ ਹਨ !!!

ਆਪਣੇ “ਹੁਣ” ਨੂੰ,
ਨਿਖੇੜਦਾ, ਮੈਂ
ਤ੍ਰੈਕਾਲ ਦੇ ਚੱਕ੍ਰਵਯੂਹ ਵਿੱਚ ਘਿਰ ਗਿਆ ਹਾਂ !!!

ਕਿੱਥੇ ਹੈਂ ਤੂੰ ਅਰਜੁਨ ?

ਮੈਨੂੰ ਪੂਰੀ ਕਥਾ ਸੁਣਾ,
ਤਾਂ ਕਿ, ਮੈਂ ਇਸ
ਚੱਕ੍ਰਵਯੂਹ ਨੂੰ ਤੋੜ ਸਕਾਂ !!!

## ਖੁੱਲਾ ਦਰਵਾਜ਼ਾ

ਨਿੱਕੇ, ਵੱਡੇ ਪੰਛੀ,
ਚੋਗਾ ਚੁਗਕੇ ਮੁੜ ਗਏ ਨੇ।

ਫੁੱਲ ਵੀ,
ਮਹਿਕ ਵੰਡਦੇ,
ਪੱਤੀ ਪੱਤੀ ਕਿਰ ਗਏ ਨੇ।

ਅਸਮਾਨ ਤੋਂ,
ਧੁੱਪ ਵਿੱਚ
ਕਿਣ ਮਿਣ ਹੋ ਰਹੀ ਹੈ।

"ਕਾਣੀ ਗਿੱਦੜੀ ਦਾ ਵਿਆਹ[1],
ਕਦੋਂ ਹੋਵੇਗਾ ?"

ਸੋਚਦਾ ਹੋਇਆ, ਮਨ,
ਉਡੀਕ ਵਿੱਚ,
ਦਰਵਾਜ਼ੇ ਵਾਂਗ ਖੁੱਲ੍ਹਾ ਪਿਆ ਹੈ !!!

1. ਕਾਣੀ ਗਿੱਦੜੀ ਦਾ ਵਿਆਹ : ਇਕ ਲੋਕ ਮਨੌਤ ਹੈ ਕਿ ਜਦੋਂ ਧੁੱਪ ਵਿੱਚ ਮੀਂਹ ਪੈਂਦਾ ਹੈ, ਤਾਂ ਕਾਣੀ ਗਿੱਦੜੀ ਦਾ ਵਿਆਹ ਹੁੰਦਾ ਹੈ।



## ਮਨੁੱਖ ਬਨਾਮ ਮਸ਼ੀਨ

ਟੂਟੀ ਦੀ ਵਾਸ਼ਰ ਬਦਲਣ ਵਾਲੀ ਹੈ-

ਟੂਟੀ 'ਚੋਂ ਪਾਣੀ ਬੂੰਦ ਬੂੰਦ ਟਪਕਦਾ ਹੈ।
ਅੱਖ ਤੇ ਸੋਚ ਦੇ ਵਿੱਚ ਰੜਕਦਾ ਹੈ।

ਛਿਣ ਦੀ ਛਿਣ ਧਿਆਨ,
ਪਾਣੀ ਦੀ ਬੂੰਦ ਬੂੰਦ ਹੋਂਦ ਤੋਂ ਹਟ ਕੇ,
ਟੂਟੀ ਉੱਤੇ ਕੇਂਦ੍ਰਿਤ ਹੋ ਜਾਂਦਾ ਹੈ।

ਟੂਟੀ ਦਾ ਮਰਜ਼ ਲਾਇਲਾਜ ਹੈ !!!

ਸਮੇਂ ਦੀ ਰਫਤਾਰ ਨਾਲ,
ਨਾ ਤੁਰ ਸਕਣ ਵਾਲੇ ਮਾਨਵ ਨੂੰ ਵੀ,
ਟੂਟੀ ਵਾਂਗਰ ਬਦਲ ਦਿੱਤਾ ਜਾਂਦਾ ਹੈ।

ਮਨੁੱਖ ਤੇ ਮਸ਼ੀਨ ਦੀ ਇਹ ਕਿਹੀ ਦੌੜ ਹੈ ???

## ਲਘੂ ਮਾਨਵ

ਗਰੀਬੀ ਦੀ ਰੇਖਾ ਤੋਂ ਹੇਠਾਂ,
ਲੜਾਈ ਕੇਵਲ ਆਪਣੇ ਆਪ ਦੇ ਨਾਲ ਰਹਿ ਜਾਂਦੀ ਹੈ।

ਰੀਂਗਦਾ ਰੀਂਗਦਾ ਮਾਨਵ,
ਆਪਣੇ ਆਪ ਨੂੰ ਵੀ ਮਾਰ ਲੈਂਦਾ ਹੈ !

ਇਕ ਧੀਮੀਂ ਮੌਤ ਹੇਠ,
ਬੀਤਦੀ ਹੈ ਜ਼ਿੰਦਗੀ।
ਨਾ ਗਾਲ੍ਹ ਬਣੀ, ਨਾ ਇਨਕਲਾਬ, ਨਾ ਬੰਦਗੀ !

ਮਰਦਾ ਤਾਂ ਕੇਵਲ ਜਿਸਮ ਹੈ !!!

ਇਸ ਅੰਦਰ ਵੱਸਦਾ ਲਘੂ ਮਾਨਵ, ਤਾਂ
ਕਦੋਂ ਦਾ ਬੀਤ ਚੁੱਕਾ ਹੁੰਦਾ ਹੈ !!!



## ਹੁਣ ਦੀ ਹੁਣ ਹੋਂਦ

ਬੰਧ ਟੁੱਟਣ ਤੋਂ ਬਾਅਦ,
ਸਭ ਕੁਝ ਹੜ੍ਹ ਗਿਆ ਸੀ :
ਘਰ,
ਪਸ਼ੂ, ਪੰਖੀ, ਇਨਸਾਨ,
ਕਲਪਨਾ ਤੇ ਸਾਇੰਸ ਦੇ ਸਭ ਭਗਵਾਨ !!!

ਫਿਰ, ਭੋਂ ਸੁੱਕੀ,
ਮੁੜ ਵੱਤਰ ਹੋਈ।
ਬੀ ਉੱਗੇ,
ਅਸਮਾਨ ਨੂੰ ਛੂਹਣ ਲੱਗੇ !

ਗ਼ਰਕੀਆਂ ਨੀਂਹਾਂ ’ਚੋਂ,
ਘਰ ਪੈਦਾ ਹੋ ਗਏ,
ਘਰਾਂ ਵਿੱਚ,
ਮਾਂ, ਬਾਪ, ਬੱਚੇ।

ਜ਼ਿੰਦਗੀ, ਜੰਮਣ, ਗਰਕਣ ਤੇ ਮੁੜ ਪੈਦਾ ਹੋਣ ਦੀ ਕਹਾਣੀ ਹੈ।
ਕਿੰਨੀਆਂ ਸੱਭਿਅਤਾਵਾਂ ਆਈਆਂ, ਗਈਆਂ ਤੇ ਮੁੜ ਜਨਮੀਆਂ !!!

‘ਹੁਣ ਦੀ ਹੁਣ’ ਜਿਊਣ ਵਾਲੇ, ਕੱਲ੍ਹ ਦੀ ਚਿੰਤਾ ਕਿਉਂ ਕਰਨ ???

## *ਦਰਸ਼ਨੀ ਭਰਮ

ਆਦਰਸ਼ ਮੁਹੱਬਤ,
ਬੁਲਬੁਲਿਆਂ ਦੀ ਮਾਲਾ ਹੈ !

ਪ੍ਰਿਜ਼ਮ ਵਾਂਗ,
ਰੌਸ਼ਨੀ ਇਨ੍ਹਾਂ ਵਿੱਚ,
ਕਈ ਰੰਗਾਂ ਵਿੱਚ ਫਟ, ਬਿਖਰ ਜਾਂਦੀ ਹੈ !!!

ਇਹ ਮਾਲਾ,
ਇਕ ਦਰਸ਼ਨੀ ਭਰਮ ਹੈ !

ਫਾਸਲੇ ਤੋਂ ਸੁਹਣੀ ਲੱਗਦੀ ਹੈ !!!
ਨੇੜੇ ਆਇਆਂ,
ਹੱਥ ਲਾਇਆਂ,
ਫਟ ਜਾਂਦੀ ਹੈ !!

* ਦਰਸ਼ਨੀ ਭਰਮ: Visual Illusion



## ਬੁਲਬੁਲਾ

ਪਾਣੀ ਉੱਤੇ ਬੁਲਬੁਲਾ !!!
ਬਣਦਾ, ਮਿਟਦਾ ਰਿਹਾ,
ਮੁਹੱਬਤਾਂ ਦਾ ਸਿਲਸਿਲਾ !!!

## ਸ਼ਬਦ ਤੇ ਅਰਥ ਦਾ ਰਿਸ਼ਤਾ

ਤੂੰ ਪਿੱਠ ਭੁਆ,
ਜਾਂ ਮੂੰਹ ਬਣਾ !
ਮੇਰੇ ਸ਼ਬਦ-ਕੋਸ਼ ਵਿੱਚ,
"ਮੁਹੱਬਤ" ਸ਼ਬਦ,
ਪਿੰਡ ਵਿੱਚ ਬ੍ਰਹਿਮੰਡ ਵਾਂਗ,
ਸਦੀਵੀ ਹੈ !!!

ਸ਼ਬਦਾਂ ਦੇ ਅਰਥਾਂ ਨਾਲ,
ਗੂੜ੍ਹੇ ਤੇ ਅਟੁੱਟ ਰਿਸ਼ਤੇ ਹੁੰਦੇ ਹਨ।
"ਮੈਂ", "ਮੁਹੱਬਤ" ਸ਼ਬਦ ਦਾ ਹੀ,
ਸਹਿਜ ਅਰਥ ਹਾਂ।
ਇਹ ਅਰਥ,
"ਮੈਂ" ਤੇ "ਤੂੰ" ਵਿੱਚ ਨਹੀਂ ਟੁੱਟਦਾ !!!



## ਸਫਰ ਹੀ ਸਾਡਾ ਸ਼ਹਿਰ

ਏਧਰ ਸੂਰਜ, ਓਧਰ ਹੈ ਦਰਿਆ।
ਪੈਰਾਂ ਹੇਠਾਂ ਮੀਲਾਂ ਤੀਕੂੰ,
ਵਿਛਿਆ ਹੈ ਸਹਿਰਾ।

ਨਜ਼ਰਾਂ ਨਾਲੋਂ ਥਲ ਨਾ ਲੱਥੇ,
ਥਲ ਦੇ ਨਾਲੋਂ ਪੈਰ।
ਪਿਆਸ ਅਤੇ ਇਕੱਲ ਦੇ ਪੈਂਡੇ,
ਸਾਲਾਂ ਜੇਡੇ ਪਹਿਰ।

ਮੁਖੜਾ ਤੇਰਾ, ਗਜ਼ਲ ਵੀ ਤੇਰੀ,
ਤੂੰ ਹੀ ਵਜ਼ਨ ਤੇ ਤੂੰ ਹੀ ਬਹਿਰ।

'ਨ੍ਹੇਰੇ ਦੇ ਵਿੱਚ ਹੱਥ ਮਾਰੀਏ,
ਅੰਦਰ ਸਿਖਰ ਦੁਪਹਿਰ।

ਨਿਹੁੰ ਦੇ ਰੰਗ 'ਚ ਰੰਗੇ ਗਏ ਹਾਂ,
ਸਫਰ ਹੀ, ਸਾਡਾ ਸ਼ਹਿਰ।

## ਰੌਸ਼ਨੀਆਂ ਦਾ ਮੇਲ

ਤੇਰਾ ਆਉਣਾ,
ਆਕਾਸ਼ ਦਾ ਧਰਤੀ 'ਤੇ ਉੱਤਰ ਆਉਣਾ ਸੀ !

ਤੇਰਾ ਆਉਣਾ,
ਮੇਰੇ ਅੰਦਰ,
ਬਿਨ ਬੱਤੀ,
ਇਕ ਦੀਪਕ ਜਗਾਉਣਾ ਸੀ !

ਇਹ ਰੌਸ਼ਨੀਆਂ ਦਾ ਮੇਲ ਸੀ !!!

ਰੌਸ਼ਨੀਆਂ ਦੇ ਮੇਲ ਵਿੱਚ,
ਕੇਵਲ ਰੌਸ਼ਨੀ ਨਜ਼ਰ ਆਉਂਦੀ ਹੈ,
ਬੁੱਤ ਪਿਛੋਕੜ ਵਿੱਚ ਚਲੇ ਜਾਂਦੇ ਹਨ।

ਪਲ, ਛਿਣ,
ਖਾਮੋਸ਼ ਗੀਤ ਗਾਂਦੇ ਹਨ !!!

ਤੇਰਾ ਆਉਣਾ ...



## ਜ਼ਿੰਦਗੀ ਦੀ ਲੀਕ

ਜ਼ਿੰਦਗੀ,
ਨਿਰੰਤਰ ਤੁਰ ਰਹੀ,

ਵਿਕਾਸਸ਼ੀਲ-

ਇਕ ਲੀਕ ਹੈ।

ਇਸ ਦੇ "ਹੁਣ" ਨੂੰ,
"ਕੱਲ੍ਹ",
"ਅੱਜ",
ਤੇ
"ਭਲਕ" ਵਿੱਚ,
ਤੋੜਿਆ ਨਹੀਂ ਜਾ ਸਕਦਾ !!!

## ਬਰਫ ਦੀ ਅਨ੍ਹੇਰੀ

ਹਵਾ ਵਿੱਚ ਧੂੜ ਵਰਗੀ ਬਰਫ,
ਬਰਫ ਦੀ ਅਨ੍ਹੇਰੀ ਹੈ।
ਅੱਜ ਫੇਰ ਜ਼ਿੰਦਗੀ, ਕੁਦਰਤ ਨੇ
ਹਰ ਸੜਕ, ਗਲੀ ਵਿੱਚ ਘੇਰੀ ਹੈ।

ਅੱਖਾਂ ਵਿੱਚ ਬਰਫ ਦਾ ਪਹਾੜ ਰੜਕਦਾ ਹੈ,
ਹੱਥ ਨੂੰ ਹੱਥ ਵਿਖਾਈ ਨਹੀਂ ਦਿੰਦਾ।

ਆਪ ਤੋਂ ਆਪ ਤਕ, ਤੁਰਿਆ ਨਹੀਂ ਜਾਂਦਾ,
ਸਭ ਦਰਵਾਜ਼ੇ ਖੁੱਲ੍ਹੇ ਹਨ,
ਅੰਦਰ ਵਲ ਮੁੜਿਆ ਨਹੀਂ ਜਾਂਦਾ।

ਕਦੇ ਕਦੇ ਕੁਦਰਤ,
ਉਸ ਮੁਕਾਮ ਉੱਤੇ ਲੈ ਆਉਂਦੀ ਹੈ,
ਜਿੱਥੇ "ਆਪ" ਦੇ ਸਿਕੰਦਰ ਬਨਣ ਦੇ ਸੁਫਨੇ,
ਤਹਿਸ ਨਹਿਸ ਹੋ ਜਾਂਦੇ ਹਨ।

ਆਪਣੀ ਹੀ ਨਿਰਬਲਤਾ ਦੇ ਸ਼ੱਤਰੂ,
ਹਰ ਕਦਮ, ਹਰ ਨਜ਼ਰ,
ਹਰ ਯਤਨ ਵਿੱਚ ਖੜੋ ਜਾਂਦੇ ਹਨ।
ਆਪਣਾ ਤਾਰਾ, ਟੁੱਟਦਾ ਤਾਂ ਹੈ,
ਪਰ
ਡਿਗਦਾ ਕਿਤੇ ਨਹੀਂ !!!



ਬਰਫ ਦੀ ਅਨ੍ਹੇਰੀ ਵਿੱਚ,
ਇਕ ਥਾਂ ਖੜ੍ਹੇ,
ਅਸੀਂ ਆਪਣੇ ਆਪ ਤੋਂ ਟੁੱਟ ਰਹੇ,
ਆਪਣੇ ਆਪ ਦੇ ਵਿੱਚ ਗਿਰ ਰਹੇ ਹਾਂ !
ਆਪਣੇ ਆਪ ਦੇ ਵਿੱਚ ਘਿਰ ਰਹੇ ਹਾਂ !!!

## ਅੱਧੇ ਅਧੂਰੇ

ਗਲਾਸ ਅੱਧਾ ਭਰਿਆ,
ਅੱਧਾ ਖਾਲੀ ਹੈ !!!

ਭਰੇ ਹੋਏ ਪਾਸੇ ਵਲੋਂ,
ਇਸਦੇ ਅੰਦਰ ਜਾਣ ਦਾ,
ਕੋਈ ਰਸਤਾ ਨਹੀਂ !!!

ਖਾਲੀ ਪਾਸੇ ਤੋਂ ਸ਼ੁਰੂ ਕੀਤਾ, ਤਾਂ
ਇਹ ਖਾਲੀ ਨਹੀਂ ਰਹੇਗਾ !!!

ਦੋ ਅਰਥ, ਇੱਕੋ ਗਲਾਸ ਵਿੱਚ ???

ਹਰ ਸ਼ੈ ਆਪਣੇ ਥਾਂ ਹੀ ਸੋਭਦੀ !!!

ਕੀ ਕਰਾਂ ???

ਗਲਾਸ ਅੱਧਾ ਭਰਿਆ, ਅੱਧਾ ਖਾਲੀ,
ਮੈਂ ਹੀ ਹਾਂ :
ਨਾ ਪੂਰਨ ਮੁਕੰਮਲ,
ਨਾ ਹੀ ਨਾ-ਮੁਕੰਮਲ !!!



## ਪਰਛਾਵਾਂ

ਰੌਸ਼ਨੀਆਂ ਦੇ,
ਪਰਛਾਵੇਂ ਨਹੀਂ ਹੁੰਦੇ।

ਮੈਂ ਫੇਰ ਵੀ,
ਰੌਸ਼ਨੀ ਬਣਨ ਦੀ ਇੱਛਾ ਵਿੱਚ,
ਪਰਛਾਵਿਆਂ ਦੇ ਪਿੱਛੇ ਭੱਜਦਾ,
ਇਕ ਹੋਰ ਪਰਛਾਵਾਂ ਬਣ ਗਿਆ !

ਰੌਸ਼ਨੀ ਤੋਂ ਵਿਰਵਾ ਰਿਹਾ !!!

## ਰਿਸ਼ਤਿਆਂ ਦੀ ਸਿਆਸਤ : ਇਕ ਸੰਵਾਦ

"ਪਰਤ ਕਿਉਂ ਚੱਲਿਐਂ ?
ਮੇਰੇ ਅੰਦਰ, ਬਾਹਰ,
ਹਰ ਥਾਂ,
'ਜੀ ਆਇਆਂ' ਲਿਖਿਆ,
ਲੰਘ ਆ ...!!!"

ਇਹ ਸੁਣ ਕੇ,
ਉਹਨੇ ਉੱਤਰ ਦਿੱਤਾ :

"ਦੁਸ਼ਮਣੀ ਦੀ ਨੇੜਤਾ ਤੇ ਦੂਰੀ,
ਪਹਿਚਾਣੀ ਜਾਂਦੀ ਹੈ।

ਤੂੰ ਮਖੌਟਿਆਂ ਪਿੱਛੇ ਛੁਪੇ,
ਮਖੌਟਿਆਂ ਦੀ ਅਣਗਿਣਤ ਲੜੀ :
**'ਭੁੱਲ-ਭੁਲੱਈਆਂ'!!!

ਰਿਸ਼ਤਿਆਂ ਦੀ ਸਿਆਸਤ ਵਿੱਚ,
ਤੇਰਾ ਕੀ ਨਾਂ ਰੱਖਾਂ ???"

** 'ਭੁੱਲ-ਭੁਲੱਈਆਂ' : MAZE

## ਅਨ੍ਹੇਰੀ ਰਾਤ

ਅਨ੍ਹੇਰੀ ਰਾਤ !!!
ਹੱਥ ਨੂੰ ਹੱਥ ਵਿਖਾਈ ਨਹੀਂ ਦਿੰਦਾ।
ਚੁੱਪ ਦੇ ਸ਼ੋਰ 'ਚ
ਆਪਣਾ ਸ਼ੋਰ ਸੁਣਾਈ ਨਹੀਂ ਦਿੰਦਾ।

ਇਕ ਕਾਰ, ਛਿਣ ਦੀ ਛਿਣ,
'ਨ੍ਹੇਰੇ ਦੀ ਗਹਿਰਾਈ 'ਚੋਂ,
ਗੁਜ਼ਰ ਜਾਂਦੀ ਹੈ।

ਕਾਰ ਦੇ ਗੁਜ਼ਰ ਜਾਣ ਤੋਂ ਬਾਅਦ,
'ਨ੍ਹੇਰੇ ਦੀ ਤਹਿ 'ਤੇ, 'ਨ੍ਹੇਰੇ ਦੀ,
ਇਕ ਹੋਰ ਤਹਿ ਚੜ੍ਹ ਜਾਂਦੀ ਹੈ।

ਪੈਰ ਟੂਹ ਕੇ ਰਸਤਾ ਢੂੰਡਦੇ ਹਨ।
ਮੂੰਹ-ਭਾਰ ਡਿਗ ਪੈਂਦੀ ਹੈ, ਜ਼ਿੰਦਗੀ,
'ਨ੍ਹੇਰ ਵਿੱਚ, 'ਨ੍ਹੇਰਾ ਬਣੀ !

'ਨ੍ਹੇਰ ਦੇ ਅਹਿਸਾਸ ਦੇ ਵਿੱਚ ਫੇਰ ਵੀ,
ਜਾਗਦੀ ਪਈ ਚੇਤਨਾ,
ਰਾਹ ਬਣੂੰ ਕਦ ਵੇਦਨਾਂ ???

## ਅੱਜ ਦਾ ਅਭਿਮੰਨਯੂ

ਜਦ ਵੀ ਆਪਣਾ ਆਪ ਬਣਨ,
ਆਪਣੇ ਪੈਰਾਂ 'ਤੇ ਆਪ ਖੜ੍ਹਨ,
ਆਪਣੀਆਂ ਅੱਖਾਂ ਨਾਲ ਆਪ ਵੇਖਣ-

ਚੁਫੇਰੇ ਉਲਝੀਆਂ ਦਿਸ਼ਾਵਾਂ ਵਿੱਚ,
ਆਪਣੀ ਦਿਸ਼ਾ ਆਪ ਬਣਨ
ਦੀ ਗੱਲ ਕੀਤੀ,
ਮਹਾਂ ਭਾਰਤ ਛਿੜ ਗਿਆ !!!

ਅੱਜ ਦਾ ਅਭਿਮੰਨਯੂ ਵੀ,
ਚੱਕ੍ਰਵਯੂਹ ਵਿੱਚ ਘਿਰ ਗਿਆ !!!



## ਰੇਸ਼ਮ ਦਾ ਕੀੜਾ

"ਕੱਲ੍ਹ ਕੀ ਸੀ ?"

"ਭਲਕੇ ਕੀ ਹੋਵੇਗਾ ?"

"ਹੁਣ ਕੀ ਹੈ ?"

ਮੈਂ ਰੇਸ਼ਮ ਦਾ ਕੀੜਾ ਹਾਂ,
ਆਪਣਾ ਕੋਆ[1] ਬਣਾ ਕੇ,
ਸਮੇਂ ਨਾਲੋਂ ਟੁੱਟ ਗਿਆ ਹਾਂ !

ਮੈਂ ਨਿਰਪ੍ਰਸ਼ਨ,
ਸ਼ੂਨਯ ਹੋ ਗਿਆ ਹਾਂ !!!

---
1. ਕੋਆ : Cocoon

## ਇਕ ਫੈਂਟਸੀ ਦੀ ਆਤਮ-ਕਥਾ

ਅਜੇ ਵੀ ਇਕ ਕੁੜੀ,
ਮੈਨੂੰ ਰੋਜ਼ ਮਿਲਣ ਆਉਂਦੀ ਹੈ,
ਮਿਲਦੀ ਹੈ :

ਧਰਤੀ ਅਸਮਾਨ ਵਾਂਗ
ਮਹਿਕ ਨਾਲ, ਮਹਿਕ ਵਾਂਗ
ਹਵਾ ਨਾਲ, ਹਵਾ ਵਾਂਗ
ਦ੍ਰਿਸ਼ ਅਤੇ ਦ੍ਰਿਸ਼ਟੀ ਵਾਂਗ
ਸ੍ਰਿਸ਼ਟੇਤਾ ਅਤੇ ਸ੍ਰਿਸ਼ਟੀ ਵਾਂਗ

ਅੱਲਾ ਤੇ ਅਜ਼ਾਨ ਵਾਂਗ
ਬੋਲ ਤੇ ਜ਼ਬਾਨ ਵਾਂਗ
ਛੁਹ ਤੇ ਅਹਿਸਾਸ ਵਾਂਗ
ਜ਼ਿੰਦਗੀ ਤੇ ਸਵਾਸ ਵਾਂਗ

ਨੀਂਦ ਵਿੱਚ, ਸੁਪਨ ਵਾਂਗ
ਮੈਂ ਵਿੱਚ, ਮੈਂ ਵਾਂਗ !!!

ਅਜੇ ਵੀ ਇਕ ਕੁੜੀ,
ਮੈਨੂੰ ਰੋਜ਼ ਮਿਲਣ ਆਉਂਦੀ ਹੈ,
ਮਿਲਦੀ ਹੈ !!!



## ਕੰਪਿਊਟਰ ਤੇ ਮੈਂ

ਚਾਹ ਪੀਣ ਲੱਗਿਆਂ,
ਤੂੰ ਯਾਦ ਆ ਜਾਂਦੀ ਹੈਂ !

ਸਵੈਕਾਰ ਮਸ਼ੀਨ ਵਾਂਗ, ਮੈਂ
ਵੀਰਾਨਿਆਂ ਦੀ ਸੈਰ ਲਈ ਤੁਰ ਪੈਂਦਾ ਹਾਂ,
ਕੰਪਿਊਟਰ ਦੀ ਯਾਦਦਾਸ਼ਤ ਵਾਂਗ !!!

ਸਭ ਕੁਝ ਮਸ਼ੀਨੀ ਹੈ !!!

ਕੋਈ ਉਡੀਕ ਨਹੀਂ !
ਕੋਈ ਉਤਸੁਕਤਾ ਨਹੀਂ !!
ਕੋਈ ਭਾਵ ਨਾਂ,
ਸ਼ਿੱਦਤ ਨਹੀਂ !!!

ਕੰਪਿਊਟਰਬ ਮੂਹਰੇ ਬੈਠਾ,
ਮੈਂ,
ਇਕ ਹੋਰ,
ਕੰਪਿਊਟਰ ਬਣ ਗਿਆ ਹਾਂ !!!

## ਬੁਢਾਪਾ

ਦੇਹ ਨਿਪੁੰਸਕ ਹੋ ਚੁੱਕੀ ਹੈ !

ਇਸ਼ਕ ਵੀ,
ਬੇਵਕਤ ਦੀ ਰਾਗਣੀ ਜਾਪਦਾ ਹੈ !

ਫਿਰ ਵੀ,
ਪਤਾ ਨਹੀਂ ਕਿਉਂ ...
ਸਿਮਰਨ ਵਿੱਚ,
ਸ਼ੇਖ ਫਰੀਦ ਦਾ ਹੇਠ ਲਿਖਿਆ,
ਸੁਰ ਜਾਗਦਾ ਹੈ :

"ਇਹ ਦੋਇ ਨੈਣਾਂ ਮੱਤ ਛੋਹਿਓ,
ਮੋਹੇ ਪਿਰ ਦੇਖਣ ਕੀ ਆਸ।"



## ਭਾਫ-ਕਮਰਾ[1]

ਛੱਤ ਤੋਂ ਕਤਰਾ ਕਤਰਾ ਕਰ ਕੇ ਪਾਣੀ
ਲਗਾਤਾਰ ਡਿਗ ਰਿਹਾ ਹੈ।

ਕਤਰਿਆਂ ਦੀ ਟਿਪ ਟਿਪ ਦੀਆਂ ਪ੍ਰਤੀਧੁਨੀਆਂ,
ਮੇਰੀ ਏਕਾਂਤ ਭੰਗ ਕਰ ਰਹੀਆਂ ਹਨ।
ਭਾਫ ਵਿੱਚ ਗੁਆਚੀਆਂ ਨਜ਼ਰਾਂ,
ਦਿਸਹੱਦਾ ਤੰਗ ਕਰ ਰਹੀਆਂ ਹਨ।

ਇਕ ਜ਼ਿੰਦਗੀ ਵਿੱਚ, ਅਨੇਕ ਜ਼ਿੰਦਗੀਆਂ,
ਮਰ ਰਹੀਆਂ,
ਇਕ ਦੂਜੀ ਨਾਲ ਲੜ,
ਇਕ ਦੂਜੀ ਨੂੰ, ਸਰ ਕਰ ਰਹੀਆਂ ਹਨ।

ਭਾਫ ਦੀ ਸੁਰੰਗ ਵਿੱਚ,
ਛੇਦ ਹੀ ਛੇਦ ਹਨ,
ਮੈਂ ਕਿੱਥੇ ਹਾਂ ???

1. ਭਾਫ-ਕਮਰਾ : Steam Sauna

## ਪੈਂਗੁਇਨ[1] : ਉਲਟੇ ਬਿੰਬ

ਪੈਂਗੁਇਨ ਟੇਬਲ 'ਤੇ ਬੈਠ ਕੇ,
ਸੱਭਯ ਰੂਪ ਵਿੱਚ,
ਵਿਹਾਰਕ ਡਿਨਰ ਕਰ ਰਹੇ ਹਨ !!!

ਮਨੁੱਖ ਜਿਊਂਦੀਆਂ ਮੱਛੀਆਂ,
ਨਿਗਲ ਰਿਹਾ,
ਦਾੜ੍ਹਾਂ ਹੇਠ,
ਸਬੂਤੀ ਮਨੁੱਖਤਾ ਚਬਾ ਰਿਹਾ ਹੈ !!!

ਸਮੇਂ ਦਾ ਪਹੀਆ,
ਉਲਟਾ ਘੁੰਮ ਰਿਹਾ ਹੈ !!!

1. ਪੈਂਗੁਇਨ : Penguin



## ਪਾਣੀ ਵਿੱਚ ਲੀਕਾਂ

ਜਿਸ ਬੀਜ 'ਚੋਂ ਅਸੀਂ ਪੈਦਾ ਹੋਏ,
ਉਹ ਬੀਜ, ਨਿਰੰਤਰ ਵਿਕਾਸ ਤੇ ਵਿਨਾਸ਼ ਹੈ।

ਸੁੱਕਦੇ, ਡਿਗਦੇ ਪੱਤਰ,
ਟੁੱਟਦੇ, ਤਿੜਕਦੇ ਰੁੱਖ,
ਦਾਵਾਨਲ ਤੇ ਸੱਤਰੰਗੀਆਂ,
ਉਸਦਾ ਲਿਬਾਸ ਹੈ।

ਛਾਵਾਂ ਤੇ ਪਰਛਾਵੇਂ ਭੋਗਦੇ, ਅਸੀਂ
ਬੀਜ ਤੋਂ ਰੁੱਖ ਤੇ ਰੁੱਖ ਤੋਂ ਬੀਜ,
ਗੁਲਜ਼ਾਰ, ਬਹਾਰ ਬਣਦੇ ਜਾ ਰਹੇ ਹਾਂ !
ਰੁੱਤਾਂ ਵਿੱਚ ਆ ਰਹੇ ਤੇ ਰੁੱਤਾਂ ਵਿੱਚ ਜਾ ਰਹੇ ਹਾਂ !!!

ਬੀਜ ਆਪਣੇ ਆਦਿ ਦੀ,
ਤਲਾਸ਼ ਵਿੱਚ,
ਭਟਕ ਰਿਹਾ ਹੈ-
ਤੇ ਅਸੀਂ ਬੀਜ ਤੋਂ ਅਬੀਜ ਹੋ,
ਪਾਣੀ ਵਿੱਚ ਲੀਕਾਂ ਪਾ ਰਹੇ ਹਾਂ।

ਆਪਣੇ ਆਪ ਨੂੰ ਢੂੰਡਦੇ ਹੋਏ ਵੀ,
ਆਪਣੇ ਆਪ ਤੋਂ ਦੂਰ ਜਾ ਰਹੇ ਹਾਂ !!!

## ਨਕਲੀ ਬੁੱਧੀ

ਤਕਨਾਲੋਜੀ,
ਨਕਲੀ ਬੁੱਧੀ ਦੀ ਸਵਾਮੀ ਬਣ ਗਈ ਹੈ।

ਸਵੈਕਾਰ ਕਾਰ,
ਮਨੁੱਖ ਦਾ ਦਿਮਾਗ ਪੜ੍ਹੇਗੀ।

ਨਕਲੀ ਬੁੱਧੀ ਦੇ ਪ੍ਰਭਾਵ ਹੇਠ,
ਤੁਰੇਗੀ, ਖੜ੍ਹੇਗੀ।

ਏਸ ਤੋਂ ਪਹਿਲਾਂ, ਕਿ
ਹਾਦਸਾ ਰੋਕਣ ਲਈ,
ਮਨੁੱਖ ਦੇ ਹੱਥ, ਪੈਰ ਹਿੱਲਣ,
ਕੋਈ ਐਕਸ਼ਨ ਲੈਣ,
ਮਸ਼ੀਨ ਵਿੱਚ ਹਾਜ਼ਰ ਨਕਲੀ ਬੁੱਧੀ,
ਐਕਸ਼ਨ ਲੈ ਚੁੱਕੀ ਹੋਵੇਗੀ !

ਨਕਲੀ ਬੁੱਧੀ,
ਮਸ਼ੀਨ ਨੂੰ ਦਿੱਤੀ ਜਾ ਸਕਦੀ ਹੈ,
ਮਨੁੱਖ ਨੂੰ ਨਹੀਂ !

ਮਨੁੱਖ ਦੀ ਹਰ ਕਾਢ,
ਮਨੁੱਖ ਨੂੰ ਪਿੱਛੇ ਛੱਡੀ ਜਾ ਰਹੀ ਹੈ !!!



ਅਸੀਂ ਕਿਸ ਮੁਕਾਮ 'ਤੇ ਪਹੁੰਚ ਗਏ ਹਾਂ ???

ਵਾਪਸ ਕਦੋਂ ਮੁੜਾਂਗੇ ???
ਫੁੱਲਾਂ ਕੋਲ ?
ਸੁਗੰਧਾਂ ਕੋਲ ?
ਕੁਦਰਤ ਕੋਲ?
ਕੁਦਰਤੀਪਨ ਕੋਲ ???

ਤਾਂ ਕਿ,
ਅਸੀਂ ਇਹ ਸਭ ਕੁਝ ਮਾਣ ਸਕੀਏ।
ਨਕਲੀ ਬੁੱਧੀ ਨੂੰ ਹੀ ਨਹੀਂ,
ਆਪਣੇ ਆਪ ਨੂੰ ਵੀ ਜਾ ਸਕੀਏ !!!

## ਬਿੰਬ ਦੀ ਵਿੱਥ : ਇਕ ਦੁਖਾਂਤ

-ਪਿਆਰ ਦੀ ਯੂਨਾਨੀ ਦੇਵੀ "ਐਫਰਡਾਈਟੀ (Aphrodite)" ਦੇ ਨਾਂ-
ਜਦੋਂ ਵੀ ਤੂੰ ਮਿਲੀ,
ਮੈਂ ਤੈਨੂੰ ਗੁਲਾਬ ਆਖਿਆ,
ਨਦੀਆਂ, ਝਰਨਿਆਂ, ਹਵਾਵਾਂ ਨਾਲ ਤੁਲਨਾਇਆ !

ਸੱਤ-ਰੰਗੀਆਂ ਵਿੱਚ ਵੇਖਿਆ,
ਸੂਰਜ ਤੇਰਾ ਚੜ੍ਹਾਇਆ !!!
ਖਿਤਿਜ 'ਤੇ ਵੀ ਤੂੰ ਸੈਂ,
ਪਰਬਤ ਤੇ ਸੰਗੀਤ ਵਿੱਚ ਵੀ !!!

ਮੈਂ ਤੈਨੂੰ ਹਰ ਰੁੱਤ,
ਹਰ ਰੰਗ ਦੇ ਵਿੱਚ ਮਾਣਿਆਂ !
ਤੈਨੂੰ, "ਤੂੰ" ਕਰ ਕੇ ਨਾ ਜਾਣਿਆਂ।

ਫਿਰ ਵੀ,
ਤੇਰੇ ਤੇ ਮੇਰੇ ਵਿਚਕਾਰ,
ਬਿੰਬ ਦੀ ਵਿੱਥ ਕਿਉਂ ਬਣੀ ਰਹੀ ???

ਬਿੰਬ ਦੀ ਵਿੱਥ 'ਤੇ,
"ਤੂੰ", "ਤੂੰ" ਰਹੀ, ਤੇ "ਮੈਂ", "ਮੈਂ" !!!



## ਨਾਟਕਬਾਜ਼

ਆਓ ਨਾਟਕਬਾਜ਼ੀ ਕਰੀਏ !
ਫਰਜ਼ੀ ਢਾਂਚੇ ਵਿੱਚ,
ਜ਼ਿੰਦਗੀ ਦੇ ਰੰਗ ਭਰੀਏ !

ਸਾਬਤੀਆਂ ਲੱਤਾਂ ਨੂੰ ਤੋੜ ਦੇਈਏ,
ਜਾਂ ਟੁੱਟਾ ਹੋਇਆ ਵਿਖਾ ਦੇਈਏ।

ਮੁਸ਼ਕ ਮਾਰਦੇ ਚੌਗਿਰਦੇ ਵਿੱਚ,
ਪਰਫਿਊਮ ਦੀ ਮਹਿਕ ਫੈਲਾ ਦੇਈਏ।

ਕਲਾਕ ਦੀਆਂ ਸੂਈਆਂ ਨੂੰ,
ਪਿਛਾਂਹ ਵਲ ਘੁਮਾ ਦੇਈਏ।
ਸਮੇਂ ਦੇ ਅੰਕਣ ਨੂੰ ਝੁਠਲਾ ਦੇਈਏ।

ਅਸੀਂ ਨਾਟਕ ਨਹੀਂ, ਨਾਟਕਬਾਜ਼ ਹਾਂ,
ਸੁਰ ਵੀ ਹਾਂ ਤੇ ਸਾਜ਼ ਹਾਂ।

ਅਸੀਂ ਪਰਦੇ ਵਿੱਚ ਸਿਮਟਦਾ ਅੰਤ ਹਾਂ।
ਅਸੀਂ ਸੂਰਜ ਨਾਲ ਵਿਗਸਦਾ ਅਨੰਤ ਹਾਂ।

ਆਪਣੇ ਅੰਦਰ, ਅਸੀਂ ਆਪ ਹੀ,
ਆਪਣੇ ਆਪ ਦੇ ਨਾਲ ਲੜ ਰਹੇ ਹਾਂ,
ਗਿਰ ਰਹੇ, ਬਿਖਰ ਰਹੇ, ਝੜ ਰਹੇ ਹਾਂ।

ਇੱਕੋ ਸਮੇਂ ਇਸ ਉੱਚੀ ਘਾਟੀ ਤੋਂ,
ਫਿਸਲ ਰਹੇ, ਇਸ ਉੱਤੇ ਚੜ੍ਹ ਰਹੇ ਹਾਂ।

ਆਪ ਆਪਣਾ ਨਾਂਹਕਰਨ।
ਆਪ ਆਪਣਾ ਹਾਂਕਰਨ।

ਧੁਨ ਅਤੇ ਵਿਰੋਧੀ-ਧੁਨ,
ਇਨ੍ਹਾਂ ਤਾਰਾਂ ਦਾ ਅੰਦਾਜ਼ ਹੈ।

ਅਸੀਂ ਕਿਉਂ ਲੜ ਝਗੜ ਰਹੇ ਹਾਂ ?

ਅਸੀਂ ਜ਼ਮੀਨ ਉੱਤੇ ਰੀਂਗਦੇ ਹੋਏ 'ਹਵਾ-ਬਾਜ਼' ਹਾਂ,
ਅਸੀਂ ਨਾਟਕ ਨਹੀਂ, ਨਾਟਕਬਾਜ਼ ਹਾਂ !!!



## ਪਿਆਰ ਦੀ ਰੁੱਤ

ਪਿਆਰ,
ਇਕ ਸੰਕਲਪ ਹੈ,
ਭਾਵ ਹੈ,
ਤੇ ਇਨ੍ਹਾਂ ਦੇ ਨਾਲ ਜੁੜਿਆ,
ਤਨ ਤੇ ਮਨ !!!

ਪਿਆਰ,
ਇਕ ਸ਼ਬਦ ਹੀ ਨਹੀਂ,
ਪੂਰੀ ਦੀ ਪੂਰੀ ਭਾਸ਼ਾ ਹੈ,
ਸੰਸਕ੍ਰਿਤੀ ਹੈ, ਕਾਇਨਾਤ ਹੈ !!!

ਪਿਆਰ ਦੀ ਰੁੱਤ ਵਿੱਚ,
ਪਿਆਰ ਕਰਨ ਲਈ,
ਸ਼ਬਦ ਦੀ ਲੋੜ ਨਹੀਂ ਹੁੰਦੀ।

ਬਸ-
ਪਿਆਰ ਬਣ ਜਾਈਦਾ ਹੈ,
"ਪਿਆਰ" ਵਿੱਚ "ਪਿਆਰ" ਵਾਂਗ-
ਸੂਰਜ ਤੇ ਆਬਸ਼ਾਰ ਵਾਂਗ !
ਕਿਰਨ ਤੇ ਸੂਰਜ,
ਪਾਣੀ ਤੇ ਧਾਰ ਵਾਂਗ !!!

## ਖਾਮੋਸ਼ੀਆਂ ਦਾ ਅੰਤ

ਤੂੰ ਬੋਲਣਾਂ ਨਾ ਚਾਹਿਆ,
ਤੇ ਮੈਨੂੰ ਵੀ,
ਖਾਮੋਸ਼ ਰਹਿਣ ਦੀ ਆਦਤ ਸੀ !

ਇਕ ਦੂਜੇ ਨੂੰ ਮਹਿਸੂਸਦੇ,
ਨਿਹਾਰਦੇ,
ਖਾਮੋਸ਼ੀਆਂ ਦੇ ਸਫਰ ’ਤੇ ਤੁਰਦੇ ਰਹੇ,
ਸਾਰੀ ਉਮਰ !!!

ਤੇ ਹੁਣ ...
ਉਸ ਮੁਕਾਮ ’ਤੇ ਪਹੁੰਚੇ ਹਾਂ,
ਜਿੱਥੋਂ ਅੱਗੇ ਸਫਰ ਸੰਭਵ ਨਹੀਂ ਹੁੰਦਾ !

ਜੀਵਨ ਦੇ ਅੰਤ ਨਾਲ,
ਰੁਕ ਜਾਂਦੀਆਂ ਹਨ,
ਖਾਮੋਸ਼ੀਆਂ ਵੀ !!!



## ਕਾਲਖ ਵਿੱਚ ਸਿਮਟਦੇ ਛਿਣ

ਟਾਂਕਾ ਇਕ ਲਗਾਵਾਂ, ਤਾਂ
ਪੰਜ ਉੱਖੜ ਜਾਂਦੇ ਨੇ।
ਜ਼ਿੰਦਗੀ ’ਤੇ, ਉੱਖੜਨ ਤੇ ਗੰਢਣ
ਦੇ ਮੌਸਮ ਵੀ ਜੀਕੂੰ,
ਇਸ ਉਮਰੇ ਹੀ ਆਂਦੇ ਨੇ।

ਕਦੇ ਨਜ਼ਰ ਗਈ, ਕਦੇ ਭੁੱਖ ਮਰੀ,
ਕਦੇ ਦਿਲ ਡੁੱਬਿਆ, ਕਦੇ ਚੱਕਰ ਆਏ।
ਕਦੇ ਲੱਕ ਟੁੱਟਿਆ ਤੇ ਲੰਮੀਆਂ ਵਾਟਾਂ,
ਪੈਰੀਂ ਪੈਂਡੇ ਖੜ੍ਹ ਜਾਂਦੇ ਨੇ !!!

ਦਿਸਹੱਦਾ ਵੀ, ਟੁੱਟ, ਸੁਕੜਕੇ,
ਪਲਕਾਂ ਵਿੱਚ ਸਮਾ ਜਾਂਦਾ ਹੈ।
ਸੱਤ-ਰੰਗੀਆਂ, ਅੰਬਰ ਤੇ ਉਡਾਰੀ,
ਕਾਲਖ ਵਿੱਚ ਸਿਮਟ ਜਾਂਦੇ ਨੇ !!!

## ਮਹਾਂ ਭਾਰਤ ਨੂੰ ਅੱਜ ਦੇ ਅਰਜੁਨ ਦੇ ਕੁਝ ਸਵਾਲ

ਚਾਰ ਚੁਫੇਰੇ ਨਜ਼ਰੀਂ ਆਵੇ,
ਗੰਧਲੀ ਸਿਆਸਤ ਦਾ ਹੀ ਘੇਰਾ।
ਚੱਕ੍ਰਵਯੂਹ ਵਿੱਚ ਬਿਨ ਲੜਿਆਂ ਹੀ,
ਮਰਿਆ ਕਿਉਂ ਅਭਿਮੰਨਯੂ ਮੇਰਾ ???

ਫਸਲਾਂ ਨੂੰ ਪ੍ਰਦੂਸ਼ਣ ਖਾਵੇ,
ਗੰਧਲਾ ਹੋ ਗਿਆ ਪਾਣੀ।
ਸੁੱਕਦੀ ਜਾਵੇ ਵੇਲ ਆਸ ਦੀ,
ਕਰਜ਼ੇ ਖਾਧੀ ਭੋਂ, ਕਿਰਸਾਣੀ।
ਆਤਮ-ਹੱਤਿਆ ਦੇ ਮੌਸਮ ਵਿੱਚ,
ਬਚਿਆ ਸੁਫਨਾ ਕਿਹੜਾ ???

ਮਲਟੀਪਲੈਕਸਾਂ ਹੇਠ ਰੁਲੇ, ਜੁ
ਉੱਡਦੇ ਸਨ ਅਸਮਾਨੀਂ।
ਦੇਹ-ਵਿਓਪਾਰ ਤੇ ਡਰੱਗ-ਕਲਚਰ ਵਿੱਚ,
ਰੁੜ੍ਹਦੀ ਜਾਏ ਜਵਾਨੀ।
ਡਾਕੇ, ਕਤਲ, ਬਲਾਤਕਾਰ ਨੇ,
ਪੱਕਾ ਲਾ ਲਿਆ ਡੇਰਾ !

ਭ੍ਰਸ਼ਟਾਚਾਰ ਦੇ ਰੂਪ ਅਨੇਕਾਂ,
ਘਪਲੇ ਅਤੇ ਘੁਟਾਲੇ।
ਲੋਕਾਂ ਦੀ ਰੱਤ ਚੂਸੇ ਸਿਸਟਮ,
ਜੋਕਾਂ ਲਈ ਹਰ ਤਰਫ ਉਜਾਲੇ।
ਪਰਬਤ ਹੇਠਾਂ ਆਈਆਂ ਪਲਕਾਂ,
ਅੰਦਰ, ਬਾਹਰ 'ਨ੍ਹੇਰਾ !!!



ਮਿਥਿਆ-ਮੁੱਖ ਲਾ ਘੁੰਮਣ ਸਾਰੇ,
ਖੁਦ ਨੂੰ, ਸਭ ਨੂੰ ਧੋਖਾ।
ਕਹਿੰਦੇ : 'ਮਰਨਾਂ ਔਖਾ ਭਾਵੇਂ,
ਜਿਊਣਾ ਉਸ ਤੋਂ ਔਖਾ।'
ਜੰਮਣ ਮਰਨ ਵਿਚਾਲੇ ਲਟਕੇ,
ਜੀਵਨ ਦਾ ਹਰ ਚਿਹਰਾ।

ਕੁੱਖ ਵਿੱਚ ਮਰਨ ਧੀਆਂ ਏਥੇ,
ਸੋਚੀਂ ਮਰੇ ਨਾ ਰਿਸ਼ਵਤ।
ਹਰ ਇਕ ਸ਼ਖਸ ਵਿਕਾਊ ਏਥੇ,
ਹਰ ਇਕ ਸ਼ਖਸ ਹੀ ਕਰਦਾ ਖਿਦਮਤ।
ਵੇਚ ਵੱਟ ਕੇ ਖਾ ਲਿਆ ਸਾਨੂੰ,
ਸਾਡੇ ਖਿਦਮਤਗਾਰਾਂ।

ਸਾਂਈਂ, ਸੰਤ, ਫਕੀਰ ਤੇ ਬਾਬੇ,
ਧਨ, ਸ਼ਕਤੀ ਦੇ ਬਣੇ ਪੁਜਾਰੀ।
ਤਾਲ, ਬੇਤਾਲ ਪਈ ਖਲਕਤ ਨੱਚੇ,
ਸਭ ਦੀ ਮੱਤ ਗਈ ਹੈ ਮਾਰੀ।
ਲੋਭੀ ਮਨ, ਸੁਆਰਥ ਸੋਚੀਂ,
ਗਿਰਝਾਂ ਪਾਇਆ ਘੇਰਾ।

ਮਹਾਂ ਨਗਰ ਵਿੱਚ ਭੀੜਾਂ ਲੱਗੀਆਂ,
ਲੋਕ ਹੋ ਗਏ ਕੱਲੇ।
ਅੰਡੇ, ਵੀਰਜ-ਬੈਂਕਾਂ ਅੰਦਰ,
ਵੇਚਣ, ਖਰੀਦਣ ਦੱਲੇ।
ਜੜ੍ਹ-ਹੀਣ ਹਰ ਰਿਸ਼ਤਾ, ਦੁਆਲੇ
ਅਜਨਬੀਆਂ ਦਾ ਘੇਰਾ।

ਕੁਰਸੀ ਧਰਮ, ਕੁਰਸੀ ਹੀ ਭਗਤੀ,
ਕੁਰਸੀ ਹੀ ਕੁਰਸੀ ਨੂੰ ਖਾਵੇ।
ਛੋਟੀ ਲਹਿਰ ਦੇ ਮੋਢਿਆਂ ਉੱਤੇ,
ਵੱਡੀ ਲਹਿਰ ਹੀ ਚੜ੍ਹਦੀ ਜਾਵੇ।

ਮਰਨ ਮਾਰਨ ਦੀ ਖੇਡ ਹੈ, ਇਹ ਰਣ,
ਹਰ ਪਾਸੇ ਹੀ ਦੁਸ਼ਮਣ-ਘੇਰਾ।

ਮੈਂ ਤਾਂ ਅਪਣੇ ਅਭਿਮੰਨਯੂ ਨੂੰ
ਸਾਰੀ ਕਥਾ ਸੁਣਾਈ।
ਗੀਤਾ ਅਤੇ ਰਾਮਾਇਣ ਯੁੱਗ ਦੀ-
ਉਸ ਨੂੰ ਕੰਠ ਕਰਾਈ।
ਬੀਰ-ਰੱਸ ਥਾਂ, ਸੋਮ-ਰਸ ਦਾ,
ਉਸ ਦੇ ਜ਼ਿਹਨ 'ਚ ਡੇਰਾ।

ਦਹਿਸ਼ਤਗਰਦ ਹੈ ਸੈਨਾਂ, ਸੱਤਾ,
ਚੁਣ ਚੁਣ ਲਾਏ ਨਿਸ਼ਾਨੇ।
ਨਿਗਲ ਰਿਹਾ ਛੋਟੇ ਨੂੰ ਵੱਡਾ,
ਵਿਸ਼ਵੀਕਰਨ ਬਹਾਨੇ।
ਵਾੜ ਹੀ ਜਦ ਖੇਤਾਂ ਨੂੰ ਖਾਵੇ,
ਵੈਦ ਬਚਾਵੇ ਕਿਹੜਾ ???



## ਬੇਮੌਸਮ ਜੀਵਨ

ਪੱਤਝੜ ਦੇ ਪੱਤੇ-
ਰੰਗ ਬਦਲਦੇ,
ਲਾਲ, ਪੀਲੇ, ਜ਼ਰਦ ਹੁੰਦੇ-

ਖੜਸੁਕ,
ਟੁੱਟ ਰਹੇ, ਭੁਰ ਰਹੇ,
ਉੜ ਰਹੇ,
ਹਵਾ ਵਿੱਚ ਹਵਾ ਹੋ ਰਹੇ।

ਇਨ੍ਹਾਂ ਤੋਂ ਕੋਈ,
ਏਸ ਰੰਗ ਵਿੱਚ ਵੀ, ਜੀਣਾ ਸਿੱਖੇ।

ਪੱਤਝੜ ਦੇ ਪੱਤੇ,
ਰੁੱਖਾਂ ਵਿੱਚ, ਆਪਣੀਆਂ
ਅੱਖਾਂ ਰੱਖ ਗਏ ਹਨ।

ਰੁੱਤ ਬਦਲੇਗੀ, ਇਹ ਅੱਖਾਂ,
ਖੁੱਲ੍ਹਣਗੀਆਂ, ਜਾਗਣਗੀਆਂ।

ਅਸੀਂ ਹਰ ਮੌਸਮ ਵਿੱਚ ਹੀ,
ਬੇਮੌਸਮੇਂ ਕਿਉਂ ਜੀ ਰਹੇ ਹਾਂ ???

## ਖੜੋਤੀ ਹੋਈ ਘੜੀ

ਸਾਰੀ ਉਮਰ,
ਤੂੰ ਨਜ਼ਰ ਆਉਂਦੀ ਰਹੀ ਹੈਂ –
ਕਦੇ ਨੇੜਿਓਂ, ਕਦੇ ਦੂਰ ਤੋਂ !

ਇਸ ਘੁਸਮੁਸੇ ਵਿੱਚ ਹੀ,
ਬੱਚੇ ਹੋ ਗਏ
ਤੇ ਉਨ੍ਹਾਂ ਦੇ ਹੋਰ ਬੱਚੇ।
ਇਕ ਘਰ ਤੋਂ,
ਕਈ ਘਰ ਬਣ ਗਏ !!!

ਪਰ ਹੁਣ ਤੂੰ,
ਨੇੜੇ ਆਉਣਾ ਚਾਹੁੰਦੀ ਹੈਂ, ਬਹੁਤ ਨੇੜੇ !
ਮੁੜ ਜਿਊਣਾ ਚਾਹੁੰਦੀ ਹੈਂ,
ਉਹ ਸਾਰੇ ਮੌਸਮ,
ਜੁ ਸਾਡੇ ਸਫਰ ਦਾ ਸਾਥ ਸਨ !!!

ਮੌਸਮ ਪਰਤ ਕੇ ਆ ਜਾਂਦੇ ਹਨ, ਮੇਰੀ ਜਾਨ !
ਪਰ ਇਨਸਾਨ ਦੀ ਘੜੀ,
ਖੜੋ ਜਾਂਦੀ ਹੈ,
ਅੱਗੇ ਪਿੱਛੇ ਨਹੀਂ ਹੁੰਦੀ !!!



## ਹਾਸ਼ੀਆ

ਤੇਰਾ 'ਆਉਣਾ' ਤੇ ਤੇਰਾ 'ਜਾਣਾ' –
ਦੋ ਸ਼ਬਦ ਹਨ,
ਜੁ ਆਪਣੇ ਅਰਥ ਗੁਆ ਚੁੱਕੇ ਹਨ !
ਨਾਂ ਸ਼ਿੱਦਤ ਦੀ ਉਡੀਕ,
ਨਾਂ ਡੁੱਲ੍ਹ ਡੁੱਲ੍ਹ ਪੈਂਦੀ ਗਲਵਕੜੀ –
ਬੱਸ ਇਕ ਖਲਾਅ ਹੈ !!!
ਤੇਰਾ ਮੇਰਾ ਪਿਆਰ,
ਖਾਲੀ ਪੰਨੇ ਉੱਤੇ,
ਇਕ ਹਾਸ਼ੀਆ ਹੈ !!!

## ਓਵਰ ਡੋਜ਼

ਅੱਜ ਦੇ ਯੁਵਕ,
ਚਿੱਟੇ[1] ਦਾ ਟੀਕਾ ਲਗਾ ਕੇ,
ਛਿਣ ਦੀ ਛਿਣ,
ਵਿਸ਼ੈਲੇ ਚੌਗਿਰਦੇ ਤੋਂ,
ਮੁਕਤ ਹੋ ਜਾਣਗੇ।

ਵਿਸ਼ ਦੇ ਚੱਕ੍ਰਵਯੂਹ ਨਾਲ ਜੂਝਣ ਲਈ,
ਕੱਲ੍ਹ ਇਕ ਹੋਰ ਟੀਕਾ ਲਾਉਣਗੇ !!!

ਜ਼ਿੰਦਗੀ ਦੀ ਅੰਡਰ-ਡੋਜ਼[2] ਨੂੰ ਭੋਗਦੇ,
ਓਵਰ-ਡੋਜ਼[3] ਵਿੱਚ ਗੁਜ਼ਰ ਜਾਣਗੇ !!!

1. ਚਿੱਟਾ : Heroin
2. ਅੰਡਰ-ਡੋਜ਼ : Under-Doze
3. ਓਵਰ-ਡੋਜ਼ : Over-Doze



## ਸਰਪਟ ਦੌੜਦਾ ਬੁਢਾਪਾ

ਦੀਵਾਲੀ ਦੀ ਦਾਰੂ,
ਮਸਾਂ ਮਸਾਂ ਉੱਤਰੀ ਹੈ !
ਹੌਲੀ ਹੌਲੀ ਜਾਂਦੀ ਹੋਈ ਵੀ,
ਕੁਝ ਹੋਰ ਦੀਵੇ ਜਗਾ ਗਈ ਹੈ !

ਜ਼ਿੰਦਗੀ ਦੇ ਅੰਤਿਮ ਸ਼ੂਨਯ ਵਿੱਚ,
ਕੁਝ ਹੋਰ ਰੰਗ ਪਾ ਗਈ ਹੈ !!!!
ਸ਼ੂਨਯ ਨੂੰ ਵੀ ਜਿਊਣ ਜੋਗਾ ਬਣਾ ਗਈ ਹੈ !!!

ਇਸ ਉਮਰ ਵਿੱਚ ਵੀ,
ਹੋਂਦ ਨੂੰ,
ਆਪਣੀ ਧੁਰੀ ਦੁਆਲੇ,
ਸਰਪਟ ਦੌੜਾ ਗਈ ਹੈ !!!
ਕੁਝ ਹੋਰ ਦੀਵੇ ਜਗਾ ਗਈ ਹੈ !!!

## ਕਬੂਤਰ ਮਾਪੇ

ਵੇਖਦਿਆਂ ਹੀ ਵੇਖਦਿਆਂ,
ਕਬੂਤਰਾਂ ਨੇ ਆਲ੍ਹਣਾ ਪਾਇਆ,
ਤੇ ਉਨ੍ਹਾਂ ਦੇ ਬੱਚੇ ਹੋ ਗਏ!

ਉਹ ਸਭ ਕੁਝ ਵੇਖਦੀ ਰਹੀ ਸੀ,
ਨੀਝ ਨਾਲ !

"ਕੀ ਵੇਖ ਰਹੀ ਹੈਂ ?"
ਉਸ ਦੇ ਪਤੀ ਨੇ ਪੁੱਛਿਆ।

"ਕੁਝ ਨਹੀਂ,
ਕੀ ਅਸੀਂ ਕਬੂਤਰ ਹਾਂ ?"
ਉਸ ਨੇ ਪੁੱਛਿਆ ...

ਤੇ ਫਿਰ ਆਪ ਹੀ ਬੋਲੀ :
"ਅਸੀਂ ਅਜੇ ਇਕ ਦੂਜੇ ਦਾ ਸੰਗ ਸਾਥ ਮਾਨਣਾ ਹੈ,
ਕੁਝ ਵਰ੍ਹੇ।

"ਤੇਰਾ ਭਵ,
ਕਬੂਤਰ ਨਹੀਂ ਬਨਣਾ ?"
ਪਤੀ ਨੇ ਪੁੱਛਿਆ।

"ਹਾਂ,
ਯੋਜਨਾ-ਬੱਧ ਢੰਗ ਨਾਲ ਗਰਭ ਧਾਰਨ ਕਰਨਾ ਹੈ, ਮੈਂ,



ਸਮਝ ਸੋਚਕੇ,
ਟਾਈਮ-ਟੇਬਲ ਬਣਾ ਕੇ,
ਕੁਝ ਸਮੇਂ ਬਾਅਦ।
ਅਜੇ ਮੈਂ ਜਵਾਨ ਹਾਂ !!!
ਜਵਾਨੀ ਦੇ ਅਨੇਕ ਰੰਗ,
ਅਨੇਕ ਪਰਤਾਂ ਹਨ।
ਇਨ੍ਹਾਂ ਨੂੰ ਵੇਖਣਾ,
ਸਮਝਣਾ,
ਫਰੋਲਣਾ ਹੈ, ਅਜੇ।
ਕਬੂਤਰ ਬਨਣ ਲਈ ਸਾਰੀ ਉਮਰ ਪਈ ਹੈ !!!"

## ਗੋਤ-ਗਮਨ[1] ਤੇ ਬਲਾਤਕਾਰ

ਮੰਮੇਂ,
ਮਮਤਾ ਦੇ ਸੋਮੇਂ ਹਨ,
ਬੱਚਿਆਂ ਦੀ ਪ੍ਰਾਣ-ਰੇਖਾ[2] !!!
ਨਗਨ, ਅਰਧ-ਨਗਨ ਫੈਸ਼ਨਾਂ,
ਬੁੱਤ-ਤਰਾਸ਼ਾਂ, ਚਿਤਰਕਾਰਾਂ ਤੇ ਫਿਲਮਕਾਰਾਂ ਨੇ,
ਉਨ੍ਹਾਂ ਨੂੰ [3]ਕਾਮੁਕ ਬਣਾ ਦਿੱਤਾ।
ਮਨੁੱਖ ਅੰਦਰ ਸੁੱਤਾ ਪਿਆ,
ਪਸ਼ੂ ਜਗਾ ਦਿੱਤਾ !
ਇਸ ਪਸ਼ੂ ਨੂੰ ਰਿਸ਼ਤਿਆਂ ਦੀ ਤਮੀਜ਼ ਨਹੀਂ,
ਇਹ ਗੋਤ-ਗਮਨੀ ਤੇ ਬਲਾਤਕਾਰ ਹੀ ਕਰੇਗਾ !!!

1. ਗੋਤ-ਗਮਨ: ਖੂਨੀ ਰਿਸ਼ਤੇ ਵਿੱਚ ਸੰਭੋਗ ਸੰਬੰਧ, Incest
2. ਪ੍ਰਾਣ-ਰੇਖਾ: Life-line
3. ਕਾਮੁਕ ਬਣਾ ਦਿੱਤਾ: Sexualised



## ਦੂਰ ਦੇ ਸੁਫਨੇ

ਮੈਂ ਬੜਾ ਸਖਤ ਜਾਨ ਹਾਂ !
ਅਜੇ ਮੇਰਾ ਮਰਨ ਦਾ ਇਰਾਦਾ ਨਹੀਂ,
ਕੋਈ ਅੰਤਿਮ ਇੱਛਾ ਨਹੀਂ।

ਇਸ ਦਿਸਹੱਦੇ ਤੋਂ,
ਉਸ ਦਿਸਹੱਦੇ ਤਕ,
ਨੂਰ ਦੀਆਂ ਨਦੀਆਂ ਹਨ,
ਮਹਿਕ ਦੇ ਗੁਲਸ਼ਨ ਹਨ !!!

ਹਕੀਕਤ ਜੇ ਪੈਰਾਂ ਵਿੱਚ ਚੁੱਭਦੀ ਹੋਵੇ,
ਤਾਂ ਅੱਖਾਂ ਵਿੱਚ ਸੁਫਨੇ,
ਦੂਰ ਦੇ ਚਾਹੀਦੇ ਹਨ।
ਫੁੱਲ-ਪੱਤੀਆਂ ਦੀ ਕੋਮਲਤਾ,
ਮਹਿਕਦੇ ਚੰਦਨ ਚਾਹੀਦੇ ਹਨ !!!

ਮੇਰੀ ਪ੍ਰਿਜ਼ਮ ਵਿੱਚ ਆ ਕੇ,
ਰੌਸ਼ਨੀ ਅਜੇ ਵੀ,
ਇੰਦਰ-ਧਨੁਸ਼ ਬਣ ਜਾਂਦੀ ਹੈ !!!

## ਜੰਗਲੀ ਸੱਭਿਅਤਾ

ਬਿਜਲਾਣੂੰ, ਤਕਨੀਕੀ, ਬਾਰੂਦੀ ਤੇ ਪ੍ਰਮਾਣੂੰ
ਸ਼ਕਤੀਆਂ ਨਾਲ,
ਅੱਜ ਦਾ ਇਨਸਾਨ,
ਆਦਿ-ਇਨਸਾਨ ਨਾਲੋਂ,
ਬਹੁਤ ਵਧੇਰੇ ਘਾਤਕ ਹੋ ਗਿਆ ਹੈ !!!

ਆਦਿ-ਇਨਸਾਨ ਜੰਗਲੀ ਸੀ -
ਭੁੱਖ ਤੇ ਲੋੜ ਅਨੁਸਾਰ ਹੀ,
ਸ਼ਿਕਾਰ ਕਰਦਾ,
ਕਿਸੇ 'ਇਕ' ਨੂੰ ਮਾਰਦਾ ਸੀ।

ਅੱਜ ਦਾ ਇਨਸਾਨ ਸੱਭਯ ਹੈ,
ਇਸ ਨੇ ਤਾਂ
ਸਾਰੀ ਸੱਭਿਅਤਾ ਹੀ,
ਦਾਅ 'ਤੇ ਲਗਾ ਦਿੱਤੀ ਹੈ !!!
ਆਪਣੀ ਪਿਆਸ ਬੁਝਾਵਣ ਲਈ,
ਜੰਗਲ ਨੂੰ ਅੱਗ ਲਾ ਦਿੱਤੀ ਹੈ !!!



## ਮੁਹੱਬਤ ਦੀ ਸੰਤਾਨ

ਜੇ ਮੁਹੱਬਤ,
ਆਪਣੇ ਆਪ ਵਿੱਚ ਤੈਨੂੰ -
ਤੇਰੇ ਵਿੱਚ ਆਪਣੇ ਆਪ ਨੂੰ,
ਵੇਖਣ, ਮਹਿਸੂਸਣ ਦਾ ਨਾਂ ਹੈ,
ਤਾਂ ਮੈਨੂੰ ਹੋ ਗਈ ਹੈ !!!

ਸੋਚਦਾ ਹਾਂ :
ਏਸ ਮੁਹੱਬਤ 'ਚੋਂ,
ਜੁ ਬੱਚੇ ਪੈਦਾ ਹੋਣਗੇ,
ਉਹ ਆਪਣੇ ਆਪ ਨੂੰ,
ਇਕ ਦੂਜੇ ਨੂੰ,
ਸਭ ਨੂੰ ਪਿਆਰ ਕਰਨਗੇ !!!
ਮਹਿਕ,
ਫੁੱਲ ਦਾ ਸੁਭਾ ਹੈ !!!
ਮੁਹੱਬਤ,
ਇਨਸਾਨ ਦਾ !!!

1. ਰੀਸਾਈਕਲ : Recycle

## ਮਹਾਂਮਾਰੀ : ਪ੍ਰਦੂਸ਼ਣ

ਬਰਫ ਦੀ ਰੁੱਤ ਹੈ !
ਧਰਤੀ, ਪਰਬਤ, ਵਣ, ਸਭ
ਰੂੰ ਦੇ ਗੋਹੜਿਆ 'ਚ ਲਿਪਟੇ ਹਨ !
ਆਓ,
ਕੁਦਰਤ ਦੀ ਸੁੰਦਰਤਾ ਮਾਣੀਏਂ !
'ਬਰਫ', 'ਬਰਫ' ਖੇਡੀਏ !
ਬਰਫ ਦੇ ਗੋਲੇ ਤੁਸੀਂ ਮੇਰੇ ਮਾਰੋ,
ਮੈਂ ਤੁਹਾਡੇ ਮਾਰਾਂ ਤੇ ਅੱਗੇ ਤੋਰਾਂ,
ਰੁੱਤਾਂ ਦੀ ਕਥਾ !!!
ਭਾਫ, ਬੱਦਲ, ਬਰਖਾ ਤੇ ਬਰਫ,
ਪਾਣੀ ਦੇ ਹੀ ਕਰਤਾਰੀ ਰੂਪ ਹਨ :
ਆਬਸ਼ਾਰ, ਨਦੀ, ਝੀਲ ਤੇ ਸਾਗਰ !!!
'ਕਰਤਾਰੀ ਨੇਮ',
ਆਦਿ-ਕਾਲ ਤੋਂ,
ਰੀਸਾਈਕਲ[1], ਸ਼ੁੱਧ ਕਰ,
ਸਾਡਾ ਪਾਣੀ, ਸਾਨੂੰ ਮੋੜਦਾ ਰਿਹਾ ਹੈ, ਲਗਾਤਾਰ !!!
ਪਰ ਅਸੀਂ ਹਰ ਗਲੀ, ਮੁਹੱਲੇ ਵਿੱਚ,
ਗੰਦਗੀ ਦੇ ਢੇਰ ਲਾ ਦਿੱਤੇ।
ਧਰਤੀ, ਪਾਣੀ, ਹਵਾ, ਸਭ
ਪ੍ਰਦੂਸ਼ਤ ਬਣਾ ਦਿੱਤੇ।
ਰਸਾਇਣਕ ਖਾਦਾਂ,
ਕਾਰਬਨ[1] ਤੇ 'ਸਪਰੇਆਂ'[2] ਨਾਲ,

1. ਕਾਰਬਨ : Carbon
2. ਸਪਰੇਆਂ : Sprays



ਧਰਤੀ ਵਿੱਚ,
ਹਵਾ ਵਿੱਚ,
ਪਾਣੀ ਵਿੱਚ,
ਕੈਂਸਰ ਤੇ ਹੋਰ ਰੋਗਾਂ ਦੇ ਬੀਜ ਉਗਾ ਦਿੱਤੇ।
ਗਲੋਬਲ ਵਾਰਮਿੰਗ ਨਾਲ,
ਗਲੇਸ਼ੀਅਰ ਖੋਰ ਦਿੱਤੇ,
ਜ਼ਿੰਦਗੀ ਨਾਲੋਂ ਜ਼ਿੰਦਗੀ ਦੇ ਸੁਫਨੇ ਤੋੜ ਦਿੱਤੇ।
ਪਾਣੀ ਹੁੰਦਿਆਂ ਵੀ, ਪਾਣੀ ਨੂੰ ਪੀ ਨਹੀਂ ਸਕਦੇ।
ਜ਼ਿੰਦਗੀ ਹੁੰਦਿਆਂ ਵੀ, ਜ਼ਿੰਦਗੀ ਨੂੰ ਜੀ ਨਹੀਂ ਸਕਦੇ।
ਆਪਣੀ ਮਹਾਂਮਾਰੀ ਦੇ ਅਸੀਂ ਆਪ ਜ਼ਿੰਮੇਵਾਰ ਹਾਂ !!!
ਕਦੋਂ ਜਾਗਾਂਗੇ ???
ਕਦੋਂ ਸੁਧਰਾਂਗੇ ???

## ਬਰਫ-ਕੈਦ

ਜ਼ਿੰਦਗੀ ਵੀ ਬੜੀ ਅਜੀਬ ਹੈ !!!
ਮਣਾਂ-ਮੂੰਹੀਂ ਬਰਫ,
ਘਰਾਂ, ਗਲੀਆਂ, ਸੜਕਾਂ 'ਤੇ ਪੈ ਗਈ ਹੈ, ਹਰ ਤਰਫ।

ਪਰਬਤ ਤੋਂ ਲੈ ਕੇ,
ਮੇਰੇ ਘਰ ਦੇ ਦਰਵਾਜ਼ੇ ਤਕ,
ਬਰਫ ਹੀ ਬਰਫ ਹੈ,
ਸਭ ਰਸਤੇ ਬੰਦ ਹਨ,
ਜ਼ਿੰਦਗੀ ਰੁਕ ਗਈ ਹੈ !!!

ਬਰਫ-ਕੈਦ ਵਿੱਚ ਬੈਠਾ, ਮੈਂ
ਪਾਣੀ ਦੇ ਇਸ ਰੂਪ ਦਾ ਕਹਿਰ ਵੇਖ ਰਿਹਾ ਹਾਂ !
ਪਾਣੀ ਸੁਨਾਮੀਂ ਹੈ, ਹੜ੍ਹ ਵੀ, ਤੂਫਾਨ ਵੀ !
ਪਾਣੀ ਪੀ ਕੇ ਜੀਣ ਵਾਲਾ ਮਨੁੱਖ,
ਹਿਟਲਰ ਹੈ, ਮਸੋਲੀਨੀ ਹੈ, ਨਪੋਲੀਅਨ ਹੈ,
ਬਲਾਤਕਾਰੀ, ਕਾਤਲ, ਲੁਟੇਰਾ, ਤਸਕਰ ਹੈ।

ਅੱਜ ਮੇਰੀ,
ਅੰਦਰ ਵਲ ਖੁੱਲ੍ਹਦੀ ਬਾਰੀ ਦੇ ਮੂਹਰੇ,
ਪਾਣੀ ਤੇ ਮਨੁੱਖ ਇਕ ਦੂਜੇ ਨੂੰ ਘੂਰ ਰਹੇ ਹਨ !

ਬਰਫ-ਕੈਦ ਵਿੱਚ ਬੈਠਾ, ਮੈਂ
ਕੁਦਰਤ ਤੇ ਮਨੁੱਖ ਦਾ,



ਇਹ ਆਦਿ ਜੁਗਾਦੀ ਨਾਟਕ,
ਵੇਖ ਰਿਹਾ ਹਾਂ !!!
ਸਭ ਰਸਤੇ ਬੰਦ ਹੋਣ ਦੇ ਬਾਵਜੂਦ ਵੀ,
ਕੋਈ ਨਾਂ ਕੋਈ ਰਸਤਾ ਜ਼ਰੂਰ ਨਿਕਲ ਆਉਂਦਾ ਹੈ,
ਮਨੁੱਖ ਦੇ ਇਤਿਹਾਸ ਤੇ ਵਿਕਾਸ ਨੂੰ ਅੱਗੇ ਤੋਰਨ ਦਾ !!!

ਬਰਫ-ਕੈਦ ਵਿੱਚ ਬੈਠਾ, ਮੈਂ
ਅੱਜ ਫੇਰ,
ਬਾਹਰ ਨਿਕਲਣ ਦਾ ਰਸਤਾ ਢੂੰਡ ਰਿਹਾ ਹਾਂ !!!

## ਸਹਿਜ ਰਾਬਤਾ

ਹੁਣ ਜਦੋਂ ਫੋਨ ਆਉਂਦਾ ਹੈ,
ਤਾਂ,
ਦਿਲ ਧਕ ਧਕ ਨਹੀਂ ਕਰਦਾ।
ਮੈਨੂੰ ਪਤਾ ਹੈ,
ਇਹ ਤੇਰਾ ਫੋਨ ਹੈ !!!
ਤੂੰ ਆਪਣੇ ਪਤੀ ਨੂੰ ਸਵੀਕਾਰ ਕਰ ਲਿਆ ਹੈ !
ਅਤੇ ਮੈਂ ਵੀ,
ਆਪਣੀ ਅਧੂਰੀ ਹੋਂਦ ਨੂੰ !!!
ਸਾਡਾ ਰਾਬਤਾ,
ਬਿਨਾ ਬਣਾਵਟ,
ਝੀਲ ਵਿੱਚ ਟਿਕੇ ਸ਼ਾਂਤ ਜਲ ਵਾਂਗ,
ਬੜਾ ਸਹਿਜ ਹੈ !!!



## ਇਨਸਾਫ

*-18 ਨਵੰਬਰ, 2018 ਨੂੰ, ਰਾਜਾ ਸਾਂਸੀ ਦੇ*
*ਪਿੰਡ ਅਦਲੀਵਾਲ (ਅੰਮ੍ਰਿਤਸਰ, ਭਾਰਤ) ਦੇ*
*ਨਿਰੰਕਾਰੀ ਸਤਿ-ਸੰਗ ਭਵਨ ਉੱਤੇ ਹੋਏ,*
*ਦਹਿਸ਼ਤਗਰਦ ਹਮਲੇ ਤੋਂ ਬਾਅਦ -*

ਕਾਨੂੰਨ ਵੀ ਇਕ ਪਿਸਤੌਲ,
ਇਕ ਗਰਨੇਡ,
ਮਾਰੂ ਸ਼ਸਤਰ ਹੈ !!!

ਦਹਿਸ਼ਤਗਰਦ ਵੀ ਹੱਥਿਆਰਾਂ ਦਾ ਖਿਡਾਰੀ ਹੈ,
ਉਸ ਨੂੰ ਮਰਨ, ਮਾਰਨ ਦਾ ਝੱਲ ਹੈ !!!

ਪਾਗਲ ਕੁੱਤਾ ਬਹੁਤ ਖਤਰਨਾਕ ਹੁੰਦਾ ਹੈ !
ਉਸ ਨੂੰ ਆਪਣੇ ਬੇਗਾਨੇ, ਵੱਡੇ, ਛੋਟੇ,
ਇਸਤਰੀ, ਪੁਰਸ਼ ਦੀ ਕੋਈ ਤਮੀਜ਼ ਨਹੀਂ ਹੁੰਦੀ !!!

ਜਨਤਾ ਨੂੰ ਸੁਚੇਤ ਹੋਣ ਦੀ ਲੋੜ ਹੈ !!!
ਕੁੱਤਾ ਜਦੋਂ ਪਾਗਲ ਹੋ ਜਾਏ,
ਉਸ ਨੂੰ ਗੋਲੀ ਮਾਰ ਦਿੱਤੀ ਜਾਂਦੀ ਹੈ !
ਗੋਲੀ ਹੀ ਉਸ ਦਾ ਇਨਸਾਫ ਹੈ !!!

## ਰਾਹ ਪਾਟਣ ਤੋਂ ਬਾਅਦ

ਪਲਕ ਝਪਕ ਵਿੱਚ,
ਪਲਕਾਂ,
ਧਰਤੀ ਅੰਬਰ,
ਫੜ ਲੈਂਦੀਆਂ ਹਨ !
ਹਰ ਕਿਰਨ,
ਵੇਖਦਿਆਂ, ਵੇਖਦਿਆਂ,
ਸੱਤ ਰੰਗਾਂ ਵਿੱਚ ਪਾਟ ਜਾਂਦੀ ਹੈ !
ਸ਼ੀਸ਼ੇ ਵਰਗੀ ਬਰਫ ਦੀ ਚਾਦਰ,
ਤਿੱਖੀ ਨਜ਼ਰ ਨਾਲ,
ਤਿੜਕ ਜਾਂਦੀ ਹੈ !!!
ਪਰਬਤ ਨਾਲ ਲਟਕਦੀ ਆਬਸ਼ਾਰ,
ਸਮੁੰਦਰ ਵਿੱਚ ਡੁੱਬ ਜਾਂਦੀ ਹੈ !!!
ਤੈਨੂੰ ਮਿਲਣ ਤੋਂ ਬਾਅਦ,
ਰਾਹ ਪਾਟ ਗਏ ਸਨ !!!
ਮੇਰੇ ਹਿੱਸੇ ਦੇ ਰਾਹ ਵਿੱਚ,
ਹੁਣ ਤੂੰ ਨਹੀਂ,
ਤੇਰੇ ਬਿੰਬ ਹੀ ਦਿਸਦੇ ਹਨ:
ਧਰਤੀ, ਅੰਬਰ,
ਕਿਰਨ, ਸੱਤ ਰੰਗ,
ਸ਼ੀਸ਼ਾ-ਬਰਫ,
ਆਬਸ਼ਾਰ, ਸਮੁੰਦਰ -
ਤੂੰ ਕਿੱਥੇ ਹੈਂ ???



## ਰਿਸ਼ਤਿਆਂ ਦੇ ਬਦਲਦੇ ਸਮੀਕਰਨ

ਆਨੰਦ ਦਾ ਛਿਣ, ਫੜਦੇ, ਫੜਦੇ, ਅਸੀਂ
ਵਿਆਹ ਕਰਵਾ ਤੇ ਬੱਚੇ ਬਣਾ ਬੈਠੇ !
ਸਾਰੇ ਸੁਪਨ, ਇਕ ਪਿੰਜਰੇ 'ਚ ਪਾ ਬੈਠੇ !!!

ਹੁਣ ਦੇ ਮੁੰਡੇ, ਜਦੋਂ ਮਰਜ਼ੀ,
ਜਿੱਥੇ ਮਰਜ਼ੀ,
ਆਤਸ਼ਬਾਜ਼ੀ ਚਲਾਈ ਫਿਰਦੇ ਆ -
ਬਿਨਾਂ ਲਾਇਸੈਂਸ, ਹਨੀਮੂਨ ਮਨਾਈ,
ਬੱਚੇ ਬਣਾਈ ਫਿਰਦੇ ਆ !!!

ਆਜ਼ਾਦ ਪੰਛੀ ਨੇ ਉਹ,
ਤੇ ਅਸੀਂ, ਪਿੰਜਰਾਵਾਸੀ !!!
ਸਾਡੇ ਸਮੇਂ,
ਕਾਮ ਦਾ ਲਾਇਸੈਂਸ ਹੀ ਸੀ ਸ਼ਾਦੀ;
ਤੇ ਪਿੰਜਰਾ, ਘਰ,
ਘਰ ਵਿੱਚ,
ਉਮਰ ਭਰ ਦਾ ਬਣਵਾਸ !!

## ਮੁਹੱਬਤ ਦੀ ਕਹਾਣੀ

ਮੈਂ ਜਿੱਥੇ ਕਿਤੇ ਵੀ ਗਿਆ ਹਾਂ,
ਮੁਹੱਬਤ,
ਮੇਰੇ ਅੰਗ ਸੰਗ ਰਹੀ ਹੈ !!!

ਮਿੱਤਰ, ਮਹਿਬੂਬ, ਰਿਸ਼ਤੇ, ਨਾਤੇ,
ਨਫਰਤ, ਈਰਖਾ, ਆਦਰਸ਼,
ਵਿਰੋਧੀ ਹਵਾ ਨਾਲ ਸੰਘਰਸ਼,
ਜੀਵਨ-ਖੇਡ ਵਿੱਚ-
ਮੁਹੱਬਤ ਦੇ ਹੀ ਵੱਖ ਵੱਖ ਮਖੌਟੇ ਹਨ !!!

**'ਆਦਮ' ਤੇ 'ਹੱਵਾ' ਤੋਂ ਲੈ ਕੇ,
ਅੱਜ ਤਕ,
ਜੀਵਨ ਸਿਰਫ ਮੁਹੱਬਤ ਦੀ ਕਹਾਣੀ ਹੈ !!!

ਨਫਰਤ ਬਿਨਾਂ,
ਇਹ ਪੂਰੀ ਤਰ੍ਹਾਂ ਸਮਝੀ ਨਹੀਂ ਜਾ ਸਕਦਾ !!!

ਅੰਧਕਾਰ ਹੀ,
ਰੌਸ਼ਨੀ ਨੂੰ,
ਸਹੀ ਅਰਥ, ਸਹੀਹ ਪ੍ਰਸੰਗ ਦੇਂਦਾ ਹੈ !!!

---

** ਆਦਮ ਤੇ ਹੱਵਾ : ਬਾਬਾ ਆਦਮ ਤੇ ਮਾਈ ਹੱਵਾ ਦੇ ਮਿਥਿਆਮੁਖੀ ਪਾਤਰ



## ਹਿਟਲਰ ਦਾ ਮਹਾਂ ਭਾਰਤ

ਜਦੋਂ ਕ੍ਰਿਸ਼ਨ ਤੇ ਕੰਸ,
ਕੌਰਵ ਤੇ ਪਾਂਡਵ,
ਜਨਮੇਂ ਸਨ,
ਹਿਟਲਰ ਅਜੇ ਜੰਮਿਆਂ ਨਹੀਂ ਸੀ...
ਤੇ ਨਾ ਹੀ ਯੁੱਧ,
ਏਨੇ ਭਿਆਨਕ ਹੋਏ ਸਨ !!!!

ਹਿਟਲਰ ਇਕ ਅਜੀਬ ਅੜਾਉਣੀ** ਸੀ,
ਆਪਣੇ ਆਪ ਲਈ,
ਸਭ ਲਈ !!!

ਹਿਟਲਰ ਦਾ ਮਹਾਂ ਭਾਰਤ,
ਉਸ ਦੇ ਅੰਦਰ ਸੀ !!!

ਆਤਮ-ਹੱਤਿਆ ਹੀ,
ਇਸ ਮਹਾਂ ਭਾਰਤ ਦਾ ਸਿਖਰ ਸੀ !!!

---

** ਅੜਾਉਣੀ : ਬੁਝਾਰਤ, Puzzle

## ਸੱਭਿਅਤਾ ਦੀ ਨਵੀਂ ਸਵੇਰ

ਇਹ ਕਹਾਣੀ,
ਕਈ ਹਜ਼ਾਰ ਕਰੋੜ, ਅਰਬ, ਖਰਬ ਵਰ੍ਹੇ,
ਪਹਿਲਾਂ ਹੀ ਸ਼ੁਰੂ ਹੋ ਚੁੱਕੀ ਸੀ !!!

ਕਾਲ ਦੇ ਚੱਕਰ ’ਚ,
ਦ੍ਰਿਸ਼ਟੀ,
ਇਸਦੇ ਨਾਲ ਹੀ ਤੁਰਦੀ ਰਹੀ ਸੀ !!!

ਦ੍ਰਿਸ਼ਟੀ ਵਿੱਚ,
ਦ੍ਰਿਸ਼ ਤੇ ਚਿੰਤਨ,
ਗਤੀ ਤੇ ਮੰਥਨ,

ਦਾ ਰਿਸ਼ਤਾ ਜਦੋਂ ਬਣਿਆਂ,
ਸੂਰਜ ਦੇ ਸੌਂਹੇਂ ਹੀ, ਗਿਆਨ ਦਾ
ਇਕ ਹੋਰ ਸੂਰਜ ਚੜ੍ਹ ਪਿਆ।

ਮਨੁੱਖ ਜਨਮ-ਕਾਲ ਤੋਂ ਹੀ ਸ਼ਿਲਪੀ ਸੀ,
ਜੁਗਤੀ ਸੀ,
ਉਸ ਨੇ ਸ਼ਬਦ ਘੜ ਲਏ !

ਸ਼ਬਦਾਂ ਵਿੱਚ,
ਕਲਪਨਾਂ ਨੇ,
ਸਦਿੱਸ ਤੇ ਅਦਿੱਸ,
ਉੱਡਦੇ ਜੁਗਨੂੰ ਫੜ ਲਏ !!!



ਪਿੰਡ ਤੇ ਬ੍ਰਹਮੰਡ ਦੇ,
ਹਰ ਖੰਡ ਦੇ,
ਵਿਸ਼ੇਸ਼ ਨਾਮ ਧਰ ਲਏ !!!

ਅੱਲਾ, ਈਸ਼ਵਰ ਤੇ ਸਭ ਫਲਸਫੇ,
ਸ਼ਬਦਾਂ ’ਚ ਧਰ ਲਏ,
ਮੁੱਠੀ ’ਚ ਵਿਗਿਆਨ ਫੜ ਲਏ !!!

ਇਸ ਤਰ੍ਹਾਂ ਇਹ ਕਹਾਣੀ,
ਜਦੋਂ ਵੀ,
ਉਸ ਦੀ ਬੁੱਧੀ ਨੇ,
ਤੁਰਦੀ, ਤੁਰਦੀ,
ਵਿੱਚ ਵਿਚਾਲਿਓਂ ਹੀ ਫੜੀ ਸੀ,
ਵਿਸ਼ਵ ਉੱਤੇ ਸੱਭਿਅਤਾ ਦੀ,
ਇਕ ਨਵੀਂ ਸਵੇਰ ਚੜ੍ਹੀ ਸੀ !!!

## **ਅਨੰਤਿਕਾ : ਇਹ ਪੁਸਤਕ

ਇਹ ਪੁਸਤਕ, ਮੇਰੇ ਵਿੱਚੋਂ ਲੰਘੇ,
ਸਰਬ ਸਮਿਆਂ ਦੀ ਇਬਾਰਤ ਹੈ !!!
ਸਥਿਤੀਆਂ ਦੇ ਤਣਾਅ ਵਿੱਚ,
ਮੇਰਾ ਸਹਿਜ ਹੈ,
ਮੇਰਾ ਕਾਵਿ ਹੈ,
ਮੇਰੀ ਇਬਾਦਤ ਹੈ !!!

ਜਨਮ ਸਮੇਂ ਵੀ ਮਨ ਕੋਰਾ ਹੀ ਸੀ,
ਮਰਨ ਸਮੇਂ ਵੀ ਸ਼ੂਨਯ ਹੀ ਹੋਵੇਗਾ !

ਸ਼ੂਨਯ ਤੋਂ ਸ਼ੂਨਯ ਵਿਚਕਾਰ,
ਹਵਾ ਦੇ ਉਲਟ ਰੁਖ ਚੱਲਦਾ –
ਇਹ ਕੌਣ ਹੈ ???

ਮੈਂ ਹਾਂ,
ਮੇਰੀ ਲੋਅ ਹੈ, ਮੇਰੀ ਸ਼ਨਾਖਤ ਹੈ।

ਸ਼ਬਦ ਦੀ ਕਲਾ ਸੁਹਜ ਹੀ ਨਹੀਂ,
ਨਫਾਸਤ ਹੈ, ਲਤਾਫਤ ਹੈ, ਨਜ਼ਾਕਤ ਹੈ !!!

** ਅਨੰਤਿਕਾ: ਕਾਲ ਦੇ ਅਨੰਤ ਅਤੇ ਨਿਰੰਤਰ ਚੱਕਰ ਦਾ ਹੁਣਵਾਂ ਅਨੰਤ।



ਸ਼ਬਦ, ਸ਼ਬਦ ਨਾਂ ਰਹੇ,
ਸ਼ਬਦ ਤੋਂ ਪਾਰ ਤੁਰ ਜਾਵੇ ...
ਸੱਚੀ ਸੁੱਚੀ ਦ੍ਰਿਸ਼ਟੀ ਹੀ,
ਕਲਾ ਦੀ,
ਕਾਵਿ ਦੀ ਅਲਾਮਤ ਹੈ !!!

ਇਹ ਪੁਸਤਕ, ਮੇਰੇ ਵਿੱਚੋਂ ਲੰਘੇ,
ਸਰਬ ਸਮਿਆਂ ਦੀ ਇਬਾਰਤ ਹੈ !!!

## ਹਿੰਦੀ ਵਿੱਚ, ਰਵਿੰਦਰ ਰਵੀ ਦੀਆਂ, 3 ਕਵਿਤਾਵਾਂ
### ਅਨੁਵਾਦਕ : ਅਮਰਜੀਤ ਕੌਂਕੇ



कविताएं / रविंदर रवि
पंजाबी से हिंदी अनुवाद : अमरजीत कौंके

## बूँद, पत्ता और सूरज

जिस पत्ते पर
बूँद बूँद टपकता था
कुदरती संगती

उस पत्ते पर
एक बूँद ठहर गई
पारदर्शी
आँख जैसी

बरसात के बाद
निर्मल
आकाश को निहारता
समय को पुकारता

सूरज की भरपूर रौशनी
विलक्षण
आईने में उतारता ....

## चेतना

मरने वाले को
मरने का वक्त नहीं
जीन वाले को
जीने की चाह नहीं

न मर के मरे
न जी कर जिए

जीवन
मौत
साथ साथ उठाए
समानांतर
जीते रहे
किसी और का जीवन
मरते रहे
किसी और की मौत

मध्य में
स्थिर
जीरो क्षेत्र
चेतना ...



## बूँद से फैलता दरिया

तुम मर्द हो
औरत नहीं

बीज डालते
और चले जाते

मैं
बीज को संभालती हूँ
वृक्ष के साथ
उगती हूँ

तुम
वर्तमान से टूटे
अतीत और भविष्य से
अनजान
अपने जैसा क्षण हो
अभी का अभी

तुम्हारे भीतर
मैं
सम्भल, पनप
और फैल नहीं सकती ...

# ਅੰਤਿਕਾ



## ਰਵਿੰਦਰ ਰਵੀ ਰਚਿਤ ਕਾਵਿ-ਸੰਗ੍ਰਹਿਆਂ ਦਾ ਵੇਰਵਾ

1. ਦਿਲ ਦਰਿਆ ਸਮੁੰਦਰੋਂ ਡੂੰਘੇ—ਧਨਪਤ ਰਾਏ ਐਂਡ ਸਨਜ਼, ਜਲੰਧਰ—1961
2. ਬੁੱਕਲ ਦੇ ਵਿਚ ਚੋਰ—ਹਿੰਦ ਪਬਲਿਸ਼ਰਜ਼, ਜਲੰਧਰ—1963
3. ਬਿੰਦੂ—ਦੌਲਤ ਰਾਮ ਸਹਿਦੇਵ ਐਂਡ ਸਨਜ਼, ਜਲੰਧਰ—1965
4. ਮੌਨ ਹਾਦਸੇ—ਰਾਜ ਰੂਪ ਪ੍ਰਕਾਸ਼ਨ, ਜਲੰਧਰ—1967
5. ਦਿਲ-ਟ੍ਰਾਂਸਪਲਾਂਟ ਤੋਂ ਬਾਅਦ—ਨਿਊ ਬੁਕ ਕੰਪਨੀ, ਜਲੰਧਰ—1969
6. ਸ਼ਹਿਰ ਜੰਗਲੀ ਹੈ—ਨਿਊ ਬੁਕ ਕੰਪਨੀ, ਜਲੰਧਰ—1970
7. ਮੇਰੇ ਮੌਸਮ ਦੀ ਵਾਰੀ—ਨਿਊ ਬੁਕ ਕੰਪਨੀ, ਜਲੰਧਰ—1972
8. ਜਲ ਭਰਮ-ਜਲ—ਕੇ. ਲਾਲ ਐਂਡ ਕੰਪਨੀ, ਜਲੰਧਰ—1976
9. ਚਿੱਟੇ ਕਾਲੇ ਧੱਬੇ—ਕੇ. ਲਾਲ ਐਂਡ ਕੰਪਨੀ, ਜਲੰਧਰ—1978
10. ਸੀਮਾਂ ਆਕਾਸ਼—ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ—1980
11. ਸ਼ੀਸ਼ੇ 'ਤੇ ਦਸਤਕ—ਨਵਯੁੱਗ ਪਬਲਿਸ਼ਰਜ਼, ਦਿੱਲੀ—1983
12. ਆਪਣੇ ਖ਼ਿਲਾਫ਼—ਨਵਯੁੱਗ ਪਬਲਿਸ਼ਰਜ਼, ਦਿੱਲੀ—1986
13. ਸੂਰਜ ਤੇਰਾ ਮੇਰਾ—ਨੈਸ਼ਨਲ ਬੁਕ ਸ਼ਾਪ, ਦਿੱਲੀ—1989
14. ਗੰਢਾਂ—ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ—1993
15. ਸ਼ਬਦੋਂ ਪਾਰ—ਨੈਸ਼ਨਲ ਬੁਕ ਸ਼ਾਪ, ਦਿੱਲੀ—1999
16. ਪੱਤਰ ਤੇ ਦਰਿਆ—ਨੈਸ਼ਨਲ ਬੁਕ ਸ਼ਾਪ, ਦਿੱਲੀ—2003
17. ਛਾਵਾਂ ਤੇ ਪਰਛਾਵੇਂ—ਨੈਸ਼ਨਲ ਬੁਕ ਸ਼ਾਪ, ਦਿੱਲੀ—2007
18. ਬਾਜ਼ ਦੀ ਨਜ਼ਰ—ਨੈਸ਼ਨਲ ਬੁਕ ਸ਼ਾਪ, ਦਿੱਲੀ—2010
19. ਨਵੀਂ ਸਦੀ ਦੀ ਨਵੀਂ ਨਸਲ—ਨੈਸ਼ਨਲ ਬੁਕ ਸ਼ਾਪ, ਦਿੱਲੀ—2013
20. ਸ਼ਬਦਾਂ ਦੇ ਚਿਹਰੇ—ਨੈਸ਼ਨਲ ਬੁਕ ਸ਼ਾਪ, ਦਿੱਲੀ—2014
21. ਨਿਹੋਂਦ ਦਾ ਗੀਤ—ਨੈਸ਼ਨਲ ਬੁਕ ਸ਼ਾਪ, ਦਿੱਲੀ—2015
22. ਫੇਸਬੁੱਕ ਕਵਿਤਾ—ਨੈਸ਼ਨਲ ਬੁਕ ਸ਼ਾਪ, ਦਿੱਲੀ—2018
23. ਮੈਂ-ਕਾਲ : ਤ੍ਰੈਕਾਲ—ਨੈਸ਼ਨਲ ਬੁਕ ਸ਼ਾਪ, ਦਿੱਲੀ—2019

**ਕਵਿਤਾ ਦੇ ਸਮੁੱਚੇ ਸੰਗ੍ਰਹਿ (Collected works)**

1. ਅਕੱਥ ਕਥਾ (1955 ਤੋਂ 1966, ਭਾਰਤ)
   —ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ—1988
   ਦੂਜਾ ਐਡੀਸ਼ਨ, ਨੈਸ਼ਨਲ ਬੁਕ ਸ਼ਾਪ, ਦਿੱਲੀ—2005

2. ਵਣ ਵਾਣੀ (1967 ਤੋਂ 1974, ਕੀਨੀਆ)
—ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ—1988
ਦੂਜਾ ਐਡੀਸ਼ਨ, ਨੈਸ਼ਨਲ ਬੁਕ ਸ਼ਾਪ, ਦਿੱਲੀ—2005

3. ਪਿਆਸਾ ਬੱਦਲ (1974 ਤੋਂ 1986 ਕੈਨੇਡਾ)
—ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ—1990
ਦੂਜਾ ਐਡੀਸ਼ਨ, ਨੈਸ਼ਨਲ ਬੁਕ ਸ਼ਾਪ, ਦਿੱਲੀ—2005

4. ਸ਼ਬਦ ਸਾਗਰ (1986 ਤੋਂ 2003 ਕੈਨੇਡਾ)
—ਨੈਸ਼ਨਲ ਬੁਕ ਸ਼ਾਪ, ਦਿੱਲੀ—2004

5. ਪਿੰਡ ਬ੍ਰਹਮੰਡ (2003 ਤੋਂ 2014 ਕੈਨੇਡਾ)
—ਨੈਸ਼ਨਲ ਬੁਕ ਸ਼ਾਪ, ਦਿੱਲੀ—2015

**ਅੰਗਰੇਜ਼ੀ ਵਿਚ**

Restless Soul—Indo-Candian Publishers,
Surrey, B.C. Canada-1978
Second Edition—National Book Shop, Delhi-2008

**ਹਿੰਦੀ ਵਿਚ**

1. ਸੂਰਯ ਕਾ ਤਕੀਆ—ਪ੍ਰਤੀਕ ਪਬਲੀਕੇਸ਼ਨਜ਼, ਲੁਧਿਆਣਾ—1998
ਦੂਜਾ ਐਡੀਸ਼ਨ—ਨੈਸ਼ਨਲ ਬੁਕ ਸ਼ਾਪ, ਦਿੱਲੀ—2009

**ਪਾਕਿਸਤਾਨ ਵਿਚ**

1. ਗੰਢਾਂ (ਗੁਰਮੁਖੀ ਤੇ ਸ਼ਾਹਮੁਖੀ ਲਿੱਪੀ ਵਿਚ)
—ਅਦਾਰਾ ਪੰਜਾਬੀ ਜ਼ਬਾਨ ਤੇ ਸਕਾਫ਼ਤ, ਬਿਲਾਲ ਗੰਜ, ਲਾਹੌਰ—1999

2. ਸ਼ਬਦੋਂ ਪਾਰ (ਗੁਰਮੁਖੀ ਤੇ ਸ਼ਾਹਮੁਖੀ ਲਿੱਪੀ ਵਿਚ)
—ਅਦਾਰਾ ਪੰਜਾਬੀ ਜ਼ਬਾਨ ਤੇ ਸਕਾਫ਼ਤ, ਬਿਲਾਲ ਗੰਜ, ਲਾਹੌਰ—1999

3. ਹੀਰਿਆਂ ਦਾ ਚੋਗ—ਚੋਣਵੀਂ ਕਵਿਤਾ ਦਾ ਸੰਗ੍ਰਹਿ—1974-1989—(ਸ਼ਾਹਮੁਖੀ ਲਿੱਪੀ ਵਿਚ)
—ਅਦਾਰਾ ਪੰਜਾਬੀ ਜ਼ਬਾਨ ਤੇ ਸਕਾਫ਼ਤ, ਬਿਲਾਲ ਗੰਜ, ਲਾਹੌਰ—2002

4. ਪੱਤਰ ਤੇ ਦਰਿਆ (ਸ਼ਾਹਮੁਖੀ ਲਿੱਪੀ ਵਿਚ)
—ਅਦਾਰਾ ਪੰਜਾਬੀ ਜ਼ਬਾਨ ਤੇ ਸਕਾਫ਼ਤ, ਬਿਲਾਲ ਗੰਜ, ਲਾਹੌਰ—2005

5. ਸ਼ਬਦਾਂ ਦੇ ਚਿਹਰੇ (ਸ਼ਾਹਮੁਖੀ ਲਿੱਪੀ ਵਿਚ)
—ਪ੍ਰਕਾਸ਼ਕ : ਗੁਲਸ਼ਨ-ਏ-ਅਦਬ ਪਬਲੀਕੇਸ਼ਨਜ਼, ਲਾਹੌਰ, ਪਾਕਿਸਤਾਨ-2016



6. ਨਿਹੋਂਦ ਦਾ ਗੀਤ (ਸ਼ਾਹਮੁਖੀ ਲਿੱਪੀ ਵਿਚ)
—ਪ੍ਰਕਾਸ਼ਕ : ਗੁਲਸ਼ਨ-ਏ-ਅਦਬ ਪਬਲੀਕੇਸ਼ਨਜ਼, ਲਾਹੌਰ, ਪਾਕਿਸਤਾਨ-2016

7. ਨਵੀਂ ਸਦੀ ਦੀ ਨਵੀਂ ਨਸਲ (ਸ਼ਾਹਮੁਖੀ ਲਿੱਪੀ ਵਿਚ)
—ਪ੍ਰਕਾਸ਼ਕ : ਗੁਲਸ਼ਨ-ਏ-ਅਦਬ ਪਬਲੀਕੇਸ਼ਨਜ਼, ਲਾਹੌਰ, ਪਾਕਿਸਤਾਨ-2017

## ਰਵਿੰਦਰ ਰਵੀ ਰਚਿਤ ਕਾਵਿ-ਨਾਟਕਾਂ ਦਾ ਵੇਰਵਾ

1. "ਬੀਮਾਰ ਸਦੀ"—ਮੁਹਿੰਦਰ ਪਾਲ ਪਬਲਿਸ਼ਰਜ਼, ਜਲੰਧਰ—1974
2. "ਦਰ ਦੀਵਾਰਾਂ"—ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ—1981
3. "ਅੱਧੀ ਰਾਤ ਦੁਪਹਿਰ"—ਨਵਯੁੱਗ ਪਬਲਿਸ਼ਰਜ਼, ਦਿੱਲੀ—1983
4. "ਚੌਕ ਨਾਟਕ"—ਨਵਯੁੱਗ ਪਬਲਿਸ਼ਰਜ਼, ਦਿੱਲੀ—1984
   (ਦੂਜਾ ਐਡੀਸ਼ਨ)—ਚੇਤਨਾ ਪ੍ਰਕਾਸ਼ਨ, ਲੁਧਿਆਣਾ—2002
5. "ਰੂਹ ਪੰਜਾਬ ਦੀ"—ਦੀਪਕ ਪਬਲਿਸ਼ਰਜ਼, ਜਲੰਧਰ—1984
   (ਦੂਜਾ ਐਡੀਸ਼ਨ)—ਚੇਤਨਾ ਪ੍ਰਕਾਸ਼ਨ, ਲੁਧਿਆਣਾ—2002
6. "ਸਿਫ਼ਰ ਨਾਟਕ"—ਰਵੀ ਸਹਿਤ ਪ੍ਰਕਾਸ਼ਨ, ਅੰਮ੍ਰਿਤਸਰ—1987
   (ਦੂਜਾ ਐਡੀਸ਼ਨ)—ਚੇਤਨਾ ਪ੍ਰਕਾਸ਼ਨ, ਲੁਧਿਆਣਾ—2002
7. "ਤਿੰਨ ਨਾਟਕ"—ਨੈਸ਼ਨਲ ਬੁਕ ਸ਼ਾਪ, ਦਿੱਲੀ—1990
   (ਦੂਜਾ ਐਡੀਸ਼ਨ)—ਚੇਤਨਾ ਪ੍ਰਕਾਸ਼ਨ, ਲੁਧਿਆਣਾ—2002
8. "ਮਨ ਦੇ ਹਾਣੀ"—ਨੈਸ਼ਨਲ ਬੁਕ ਸ਼ਾਪ, ਦਿੱਲੀ—2005
9. "ਮਖੌਟੇ ਤੇ ਹਾਦਸੇ"—ਨੈਸ਼ਨਲ ਬੁਕ ਸ਼ਾਪ, ਦਿੱਲੀ—2009
10. "ਚੱਕ੍ਰਵਯੂਹ ਤੇ ਪਿਰਾਮਿਡ"—ਨੈਸ਼ਨਲ ਬੁਕ ਸ਼ਾਪ, ਦਿੱਲੀ—2010
11. "ਆਪੋ ਆਪਣੇ ਦਰਿਆ"—ਨੈਸ਼ਨਲ ਬੁਕ ਸ਼ਾਪ, ਦਿੱਲੀ—2015
12. "ਹੋਂਦ ਨਿਹੋਂਦ"—ਨੈਸ਼ਨਲ ਬੁਕ ਸ਼ਾਪ, ਦਿੱਲੀ—2016
13. "ਪਰਤੱਖ ਤੋਂ ਅਗਾਂਹ" (ਦੋ ਕਾਵਿ-ਨਾਟਕ : "ਭਰਮ-ਜਲ" ਅਤੇ "ਸਿਆਸੀ ਦੰਦ-ਕਥਾ")
    —ਨੈਸ਼ਨਲ ਬੁਕ ਸ਼ਾਪ, ਦਿੱਲੀ—2017

### ਥੀਮਕੀ ਤਿੱਕੜੀ (Thematic Trilogy)

1. "ਸੂਰਜ ਨਾਟਕ" (ਬੀਮਾਰ ਸਦੀ, ਦਰ ਦੀਵਾਰਾਂ ਤੇ ਅੱਧੀ ਰਾਤ ਦੁਪਹਿਰ)
   —ਨਵਯੁੱਗ ਪਬਲਿਸ਼ਰਜ਼, ਦਿੱਲੀ—1985
   (ਦੂਜਾ ਐਡੀਸ਼ਨ)—ਚੇਤਨਾ ਪ੍ਰਕਾਸ਼ਨ, ਲੁਧਿਆਣਾ—2002

**1. ਨਾਟਕ ਤੇ ਰੰਗਮੰਚ :** ਦੋ ਨਾਟਕ ਤੇ ਰੰਗਮੰਚ
—ਨੈਸ਼ਨਲ ਬੁਕ ਸ਼ਾਪ, ਦਿੱਲੀ—2014



**2. ਦਰ ਦੀਵਾਰਾਂ ਤੇ ਸਿਆਸੀ ਦੰਦ-ਕਥਾ : ਮੂਲ ਪਾਠ ਅਤੇ ਰੰਗਮੰਚਕੀ ਵੇਰਵੇ**
—ਨੈਸ਼ਨਲ ਬੁਕ ਸ਼ਾਪ, ਦਿੱਲੀ—2019

### ਕਾਵਿ-ਨਾਟਕਾਂ ਦੇ ਸਮੁੱਚੇ ਸੰਗ੍ਰਹਿ

1. "ਮੰਚ ਨਾਟਕ" (1974-90)—ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ—1993
2. "ਮੇਰੇ ਕਾਵਿ-ਨਾਟਕ-1" : ਸੈਂਚੀ ਪਹਿਲੀ (1974-1983)
   —ਨੈਸ਼ਨਲ ਬੁਕ ਸ਼ਾਪ, ਦਿੱਲੀ—2007
3. "ਮੇਰੇ ਕਾਵਿ-ਨਾਟਕ-2" : ਸੈਂਚੀ ਦੂਜੀ (1984-1987)
   —ਨੈਸ਼ਨਲ ਬੁਕ ਸ਼ਾਪ, ਦਿੱਲੀ—2007
4. "ਮੇਰੇ ਕਾਵਿ-ਨਾਟਕ-3" : ਸੈਂਚੀ ਤੀਜੀ (1990-2005)
   —ਨੈਸ਼ਨਲ ਬੁਕ ਸ਼ਾਪ, ਦਿੱਲੀ—2007
5. "ਮੇਰੇ ਕਾਵਿ-ਨਾਟਕ-4" : ਸੈਂਚੀ ਚੌਥੀ (2008-2010)
   —ਨੈਸ਼ਨਲ ਬੁਕ ਸ਼ਾਪ, ਦਿੱਲੀ—2013

### ਪਾਕਿਸਤਾਨ ਵਿਚ ਸ਼ਾਹਮੁਖੀ ਲਿੱਪੀ ਵਿਚ ਕਾਵਿ-ਨਾਟਕਾਂ ਦਾ ਸਮੁੱਚਾ ਸੰਗ੍ਰਹਿ :

1. "ਮੰਚ ਨਾਟਕ" (1974-1990)
   —ਅਦਾਰਾ ਪੰਜਾਬੀ ਜ਼ਬਾਨ ਤੇ ਸ਼ਕਾਫ਼ਤ, ਲਾਹੌਰ, 2001

### ਪਾਕਿਸਤਾਨ ਵਿਚ ਸ਼ਾਹਮੁਖੀ ਲਿੱਪੀ ਵਿਚ ਕਾਵਿ-ਨਾਟਕ

1. "ਮਨ ਦੇ ਹਾਣੀ"
   —ਅਦਾਰਾ ਪੰਜਾਬੀ ਜ਼ਬਾਨ ਤੇ ਸ਼ਕਾਫ਼ਤ, ਲਾਹੌਰ, 2005

# ਰਵਿੰਦਰ ਰਵੀ ਰਚਿਤ ਕਹਾਣੀ-ਸੰਗ੍ਰਹਿਆਂ ਦਾ ਵੇਰਵਾ

| | ਕਹਾਣੀ-ਸੰਗ੍ਰਹਿ | ਪ੍ਰਕਾਸ਼ਕ | ਪੰਨੇ |
|---|---|---|---|
| 1. | ਚਰਾਵੀ | ਦੌਲਤ ਰਾਮ ਸਹਿਦੇਵ ਐਂਡ ਸਨਜ਼, ਜਲੰਧਰ<br>ਤਿੰਨ ਰੁਪਏ—1963<br>ਦੂਜਾ ਐਡੀਸ਼ਨ—ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2010 | 115 |
| 2. | ਜੁਰਮ ਦੇ ਪਾਤਰ | ਨਿਊ ਬੁਕ ਕੰਪਨੀ, ਜਲੰਧਰ<br>ਪੰਜ ਰੁਪਏ—1968<br>ਦੂਜਾ ਐਡੀਸ਼ਨ—ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2010 | 155 |
| 3. | ਸ਼ਹਿਰ ਵਿਚ ਜੰਗਲ | ਰਾਜ ਰੂਪ ਪ੍ਰਕਾਸ਼ਨ, ਜਲੰਧਰ<br>ਪੰਜ ਰੁਪਏ—1969<br>ਦੂਜਾ ਐਡੀਸ਼ਨ—ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2010 | 120 |
| 4. | ਕੋਨ ਪ੍ਰਤੀਕੋਨ | ਹਜ਼ੂਰੀਆ ਪਬਲਿਸ਼ਰਜ਼ ਕੰਪਨੀ, ਜਲੰਧਰ<br>5.75 ਰੁਪਏ—1971<br>ਦੂਜਾ ਐਡੀਸ਼ਨ—ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2010 | 83 |
| 5. | ਮੈਲੀ ਪੁਸਤਕ | ਮੁਹਿੰਦਰਪਾਲ ਪਬਲਿਸ਼ਿੰਗ, ਜਲੰਧਰ<br>ਅੱਠ ਰੁਪਏ—1973<br>ਦੂਜਾ ਐਡੀਸ਼ਨ—ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2010 | 96 |
| 6. | ਜਿੱਥੇ ਦੀਵਾਰਾਂ ਨਹੀਂ | ਕੇ. ਲਾਲ. ਐਂਡ ਕੰਪਨੀ, ਜਲੰਧਰ<br>ਵੀਹ ਰੁਪਏ—1978<br>ਦੂਜਾ ਐਡੀਸ਼ਨ—ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2010 | 139 |
| 7. | ਕੰਪਿਊਟਰ ਕਲਚਰ | ਨਵਯੁਗ ਪਬਲਿਸ਼ਰਜ਼, ਦਿੱਲੀ-6<br>ਪੈਂਤੀ ਰੁਪਏ—1985<br>ਦੂਜਾ ਐਡੀਸ਼ਨ—ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2010 | 128 |
| 8. | ਆਪਣੇ ਆਪਣੇ ਟਾਪੂ | ਨੈਸ਼ਨਲ ਬੁਕ ਸ਼ਾਪ, ਦਿੱਲੀ-6<br>ਸੱਠ ਰੁਪਏ—1992<br>ਦੂਜਾ ਐਡੀਸ਼ਨ—ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2010 | 120 |
| 9. | ਗੋਰੀਆਂ ਸ਼ਹੀਦੀਆਂ | ਨੈਸ਼ਨਲ ਬੁਕ ਸ਼ਾਪ, ਦਿੱਲੀ-6<br>225 ਰੁਪਏ—2010 | 160 |

## ਸਮੁੱਚੇ ਕਹਾਣੀ-ਸੰਗ੍ਰਹਿ

| | | | |
|---|---|---|---|
| 1. | ਅਘਰਵਾਸੀ<br>(1955-1983) | ਨਵਯੁਗ ਪਲਲਿਸ਼ਰਜ਼, ਦਿੱਲੀ-6<br>ਅੱਸੀ ਰੁਪਏ—1984 | 436 |
| 2. | ਮੇਰੀ ਕਹਾਣੀ<br>(1955-2005) | ਨੈਸ਼ਨਲ ਬੁਕ ਸ਼ਾਪ, ਦਿੱਲੀ-6<br>495 ਰੁਪਏ—2006 | 648 |
| 3. | ਮੇਰੀਆਂ ਸਾਰੀਆਂ ਕਹਾਣੀਆਂ<br>(1955-2010) | ਨੈਸ਼ਨਲ ਬੁਕ ਸ਼ਾਪ, ਦਿੱਲੀ-6 | 2017 |



## ਚੋਣਵੇਂ ਕਹਾਣੀ-ਸੰਗ੍ਰਹਿ

| | | | |
|---|---|---|---|
| 1. | ਸਮੇਂ ਦੇ ਨਾਲ ਨਾਲ<br>(1955-1989) | ਨੈਸ਼ਨਲ ਬੁਕ ਸ਼ਾਪ, ਦਿੱਲੀ-6<br>140 ਰੁਪਏ—1989 | 322 |
| 2. | ਖੰਭਾਂ ਵਾਲੇ ਪਿੰਜਰੇ<br>(1955-2000) | ਚੇਤਨਾ ਪ੍ਰਕਾਸ਼ਨ ਪੰਜਾਬੀ ਭਵਨ, ਲੁਧਿਆਣਾ<br>325 ਰੁਪਏ—2001 | 376 |
| 3. | ਚੋਣਵੀਆਂ ਕਹਾਣੀਆਂ<br>(ਇਸਤਰੀ-ਮਰਦ ਪ੍ਰਸੰਗ<br>ਵਾਲੀਆਂ ਕਹਾਣੀਆਂ) | ਕੁਕਨੂਸ ਪ੍ਰਕਾਸ਼ਨ, ਜਲੰਧਰ<br><br>75 ਤੇ 40 ਰੁਪਏ—2002 | 111 |
| 4. | ਚੋਣਵੀਆਂ ਕਹਾਣੀਆਂ-2<br>(ਬ੍ਰਹਮੰਡਕ ਚੇਤਨਾ) | ਕੁਕਨੂਸ ਪ੍ਰਕਾਸ਼ਨ, ਜਲੰਧਰ-2008 | |

## ਪਾਕਿਸਤਾਨ ਵਿਚ (ਸ਼ਾਹਮੁਖੀ ਲਿੱਪੀ ਵਿਚ)

| | | | |
|---|---|---|---|
| 1. | ਖੰਭਾਂ ਵਾਲੇ ਪਿੰਜਰੇ | ਇਦਾਰਾ ਪੰਜਾਬੀ ਜ਼ਬਾਨ ਤੇ ਸਕਾਫ਼ਤ, ਲਾਹੌਰ<br>450 ਰੁਪਏ—2000 | 432 |
| 2. | ਵਗਦੇ ਦਰਿਆ<br>(1967-2010) | ਗੁਲਸ਼ਨ-ਏ-ਅਦਬ ਪਬਲੀਕੇਸ਼ਨਜ਼, ਲਾਹੌਰ,<br>ਪਾਕਿਸਤਾਨ, 2018 | |

## ਰਵਿੰਦਰ ਰਵੀ ਦੀਆਂ ਕਹਾਣੀਆਂ ਦੇ ਗਹਿਨ ਅਧਿਅਨ

| | | |
|---|---|---|
| 1. | *ਯੂਕਲਿਪਟਸ ਤੇ ਹੈਮਿੰਗਵੇ—ਨੈਸ਼ਨਲ ਬੁਕ ਸ਼ਾਪ, ਦਿੱਲੀ<br>ਲੇਖਕ : ਡਾ. ਦੇਵਿੰਦਰ ਕੌਰ—35 ਰੁਪਏ—1989 | 112 |
| 2. | **ਕਥਾ ਸਨਮੁਖ—ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ<br>ਸੰਪਾ: ਰਵਿੰਦਰ ਰਵੀ—140 ਰੁਪਏ—2001 | 168 |
| 3. | ***ਕਥਾ ਸਨਮੁਖ-2—ਨੈਸ਼ਨਲ ਬੁਕ ਸ਼ਾਪ, ਦਿੱਲੀ<br>ਸੰਪਾ: ਰਵਿੰਦਰ ਰਵੀ—350 ਰੁਪਏ—2012 | 204 |

---

* "ਅਨ੍ਹੇਰਾ ਯੂਕਲਿਪਟਸ ਤੇ ਅੱਗ" ਅਤੇ "ਇਕ ਹੋਰ ਹੈਮਿੰਗਵੇ" ਕਹਾਣੀਆਂ ਤੇ ਉਨ੍ਹਾਂ ਦੇ ਗਹਿਨ ਅਧਿਅਨ ਇਸ ਪੁਸਤਕ ਵਿਚ ਸ਼ਾਮਿਲ ਹਨ।

** "ਅਨ੍ਹੇਰਾ ਯੂਕਲਿਪਟਸ ਤੇ ਅੱਗ" ਅਤੇ "ਇਕ ਹੋਰ ਹੈਮਿੰਗਵੇ" ਕਹਾਣੀਆਂ ਤੇ ਉਨ੍ਹਾਂ ਉੱਤੇ ਲਿਖੇ ਡਾ. ਦੇਵਿੰਦਰ ਕੌਰ ਦੇ ਗਹਿਨ ਅਧਿਅਨ ਅਤੇ "ਹਮ ਛਿਣ" ਕਹਾਣੀ ਤੇ ਉਸ ਉੱਤੇ ਲਿਖਿਆ ਡਾ. ਹਰਚੰਦ ਸਿੰਘ ਬੇਦੀ ਦਾ ਗਹਿਨ-ਅਧਿਅਨ ਇਸ ਪੁਸਤਕ ਵਿਚ ਸ਼ਾਮਿਲ ਹਨ।

*** "ਕਥਾ ਸਨਮੁਖ-2" ਇਸ ਪੁਸਤਕ ਵਿਚ ਹੇਠ ਲਿਖੀਆਂ ਕਹਾਣੀਆਂ ਦੇ ਗਹਿਨ ਅਧਿਐਨ ਸ਼ਾਮਿਲ ਹਨ :

1. ਅਨ੍ਹੇਰਾ ਯੂਕਲਿਪਟਸ ਤੇ ਅੱਗ -ਡਾ. ਦੇਵਿੰਦਰ ਕੌਰ ਤੇ ਡਾ. ਵਨੀਤਾ
2. ਇਕ ਹੋਰ ਹੈਮਿੰਗਵੇ - ਡਾ. ਦੇਵਿੰਦਰ ਕੌਰ
3. ਹਮ ਛਿਣ -ਡਾ. ਹਰਚੰਦ ਸਿੰਘ ਬੇਦੀ
4. ਸ਼ਾਦੀ ਵੱਲ ਜਾਂਦੀ ਸੜਕ -ਡਾ. ਅਕਵਿੰਦਰ ਕੌਰ ਬਾਹਲ
5. ਕੰਪਿਊਟਰ ਕਲਚਰ -ਮਨਜੀਤ ਮੀਤ (ਕੈਨੇਡਾ)

# ਰਵਿੰਦਰ ਰਵੀ ਰਚਿਤ ਫੁਟਕਲ ਪੁਸਤਕਾਂ ਦਾ ਵੇਰਵਾ

**ਸਫ਼ਰਨਾਮਾ**

| | | | |
|---|---|---|---|
| 1. | ਸਿਮਰਤੀਆਂ ਦੇ ਦੇਸ਼ | ਧਨਪਤ ਰਾਏ ਐਂਡ ਸਨਜ਼, ਜਲੰਧਰ | 1979 |
| | (ਦੂਜਾ ਐਡੀਸ਼ਨ) | ਨੈਸ਼ਨਲ ਬੁਕ ਸ਼ਾਪ, ਦਿੱਲੀ | 2006 |

**ਵਾਰਤਕ : ਸਾਹਿਤਿਕ ਸ੍ਵੈ-ਜੀਵਨੀ**

| | | | |
|---|---|---|---|
| 1. | ਮੇਰੀ ਸਾਹਿਤਿਕ ਸ੍ਵੈ-ਜੀਵਨੀ | ਪੰਜਾਬ ਸਾਹਿਤ ਅਕਾਦਮੀ, ਚੰਡੀਗੜ੍ਹ | 1994 |
| 2. | ਐਟਸੈਟਰਾ-2 (ਰਚਨ-ਪ੍ਰਕ੍ਰਿਆ ਤੇ ਹੋਰ ਲੇਖ) | ਤਰਲੋਚਨ ਪਬਲਿਸ਼ਰਜ਼, ਚੰਡੀਗੜ੍ਹ | 2008 |
| 3. | ਐਟਸੈਟਰਾ-3 (ਮੁਲਾਕਾਤਾਂ) | ਤਰਲੋਚਨ ਪਬਲਿਸ਼ਰਜ਼, ਚੰਡੀਗੜ੍ਹ | 2008 |
| 4. | ਮੇਰਾ ਜੀਵਨ, ਮੇਰਾ ਸਾਹਿਤ (ਸਾਹਿਤਿਕ ਸ੍ਵੈ-ਜੀਵਨੀ) | ਪੰਜਾਬੀ ਯੂਨੀਵਰਸਿਟੀ, ਪਟਿਆਲਾ | 2010 |
| 5. | ਐਟਸੈਟਰਾ-4 (ਮੁਲਾਕਤਾਂ ਤੇ ਫੁਟਕਲ ਲਿਖਤਾਂ) | ਨੈਸ਼ਨਲ ਬੁਕ ਸ਼ਾਪ, ਦਿੱਲੀ | 2012 |

**ਸਾਹਿਤ ਸਮੀਖਿਆ ਤੇ ਸੰਕਲਨ**

| | | | |
|---|---|---|---|
| 1. | ਪ੍ਰਯੋਗਸ਼ੀਲ ਕਾਵਿ-ਦਰਪਨ | ਹਜ਼ੂਰੀਆ ਪਬਲਿਸ਼ਰਜ਼, ਜਲੰਧਰ | 1964 |
| | (ਦੂਜਾ ਐਡੀਸ਼ਨ) | ਨੈਸ਼ਨਲ ਬੁਕ ਸ਼ਾਪ, ਦਿੱਲੀ | 2007 |
| 2. | ਮੇਰਾ ਕਾਵਿ-ਨਾਟ ਲੋਕ | ਨੈਸ਼ਨਲ ਬੁਕ ਸ਼ਾਪ, ਦਿੱਲੀ | 1990 |
| | (ਦੂਜਾ ਐਡੀਸ਼ਨ) | ਤਰਲੋਚਨ ਪਬਲਿਸ਼ਰਜ਼, ਚੰਡੀਗੜ੍ਹ | 2008 |
| 3. | ਐਟਸੈਟਰਾ-1 (ਖੋਜ-ਪੱਤਰ ਤੇ ਆਲੋਚਨਾ) | ਤਰਲੋਚਨ ਪਬਲਿਸ਼ਰਜ਼, ਚੰਡੀਗੜ੍ਹ | 2008 |
| 4. | ਮੇਰਾ ਥੀਏਟਰ ਤੇ ਇੱਕੀਵੀਂ ਸਦੀ | ਨੈਸ਼ਨਲ ਬੁਕ ਸ਼ਾਪ, ਦਿੱਲੀ | 2012 |
| 5. | ਮੇਰਾ ਕਾਵਿ-ਨਾਟਕੀ ਰੰਗਮੰਚ : ਇਤਿਹਾਸਿਕ, ਸਿਧਾਂਤਕ ਤੇ ਤਕਨੀਕੀ ਪਰਿਪੇਖ | ਨੈਸ਼ਨਲ ਬੁਕ ਸ਼ਾਪ, ਦਿੱਲੀ | 2018 |

**ਸੰਪਾਦਨ (ਪੰਜਾਬੀ ਤੇ ਅੰਗਰੇਜ਼ੀ ਵਿਚ)**

| | | | |
|---|---|---|---|
| 1. | ਵਿਸ਼ਵ ਪੰਜਾਬੀ ਸਾਹਿਤ | ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ | 1981 |
| 2. | ਕਵਿਤਾ ਸਨਮੁਖ | ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ | 1994 |
| | (ਦੂਜਾ ਐਡੀਸ਼ਨ) | ਨੈਸ਼ਨਲ ਬੁਕ ਸ਼ਾਪ, ਦਿੱਲੀ | 2007 |
| 3. | ਕਥਾ ਸਨਮੁਖ | ਚੇਤਨਾ ਪ੍ਰਕਾਸ਼ਨ, ਲੁਧਿਆਣਾ | 2001 |
| 4. | ਕਥਾ ਸਨਮੁਖ-2 | ਨੈਸ਼ਨਲ ਬੁਕ ਸ਼ਾਪ, ਦਿੱਲੀ | 2012 |
| 5. | ਪਰਵਾਸੀ ਪੱਤਰਕਾਰ ਤਾਰਾ ਸਿੰਘ ਹੇਅਰ (ਅਭਿਨੰਦਨ ਗ੍ਰੰਥ) | ਨਵਯੁੱਗ ਪਬਲਿਸ਼ਰਜ਼, ਦਿੱਲੀ | 1992 |
| 6. | Wind Song (Poetry) | ਇੰਡੋ-ਕਨੇਡੀਅਨ ਪਬਲੀਕੇਸ਼ਨਜ਼, ਸਰੀ, ਬੀ.ਸੀ., ਕੈਨੇਡਾ | 1978 |
| 7. | Wind Song-2 (Poetry) | ਇੰਡੋ-ਕਨੇਡੀਅਨ ਪਬਲੀਕੇਸ਼ਨਜ਼, ਸਰੀ, ਬੀ.ਸੀ., ਕੈਨੇਡਾ | 1984 |

**ਅੰਗਰੇਜ਼ੀ ਵਿਚ ਚੋਣਵੀਂ ਕਵਿਤਾ-ਹੋਰ ਕਵੀਆਂ ਨਾਲ ਸਾਂਝੀ**

| | | | |
|---|---|---|---|
| 1. | The Rebel Sound | Dave Book Centre, Nairobi, Kenya | 1968 |
| 2. | The Voices of Dissent | Seema Parkashan, Jalandhar India | 1972 |
| 3. | Indian Poetry Today (Volume One) | Indian Council for Cultural Relations, New Delhi | 1974 |
| 4. | Green Snow | Vesta Publications, Cornwall, Ontario, Canada | 1976 |
| 5. | Hundred Indian Poets | Oxford + IBH Publishing Company, India. | 1977 |

**ਰਵਿੰਦਰ ਰਵੀ ਦੀ ਸਵੈ-ਜੀਵਨੀ 7 ਵੀਡੀਓ-ਭਾਗਾਂ ਵਿਚ**

ਰਵਿੰਦਰ ਰਵੀ ਦੀ ਸਵੈ-ਜੀਵਨੀ, 7 ਵੀਡੀਓ-ਭਾਗਾਂ ਵਿਚ, ਵੇਖਣ/ਸੁਨਣ ਲਈ, ਹੇਠ ਲਿਖੇ ਵੈਬਸਾਈਟ ਉੱਤੇ ਜਾ ਕੇ, **Autobiography** ਭਾਗ ਵਿਚ ਪ੍ਰਾਪਤ ਕਰੋ : **www.ravinder-ravi.com**

# ਰਵਿੰਦਰ ਰਵੀ ਦੇ ਸਾਹਿਤ ਉੱਤੇ ਪ੍ਰਾਪਤ ਆਲੋਚਨਾਤਮਕ ਪੁਸਤਕਾਂ

1. ਯੂਕਲਿਪਟਸ ਤੇ ਹੈਮਿੰਗਵੇ: (ਦੋ ਕਹਾਣੀਆਂ ਦੇ ਪੜ੍ਹਤ-ਅਧਿਅਨ)
   ਲੇਖਿਕਾ : ਡਾ. ਦੇਵਿੰਦਰ ਕੌਰ
   ਪ੍ਰਕਾਸ਼ਕ : ਨੈਸ਼ਨਲ ਬੁਕ ਸ਼ਾਪ, ਦਿੱਲੀ—1989

2. ਮੇਰਾ ਕਾਵਿ-ਨਾਟ ਲੋਕ
   ਸੰਪਾਦਕ : ਰਵਿੰਦਰ ਰਵੀ
   ਪ੍ਰਕਾਸ਼ਕ : ਨੈਸ਼ਨਲ ਬੁਕ ਸ਼ਾਪ, ਦਿੱਲੀ—1990
   ਦੂਜਾ ਐਡੀਸ਼ਨ : ਤ੍ਰਿਲੋਚਨ ਪਬਲਿਸ਼ਰਜ਼, ਚੰਡੀਗੜ੍ਹ—2008

3. ਕਵਿਤਾ ਸਨਮੁਖ : 25 ਕੁ ਕਵਿਤਾਵਾਂ ਦੇ ਪੜ੍ਹਤ-ਅਧਿਅਨ
   ਸੰਪਾਦਕ : ਰਵਿੰਦਰ ਰਵੀ
   ਪ੍ਰਕਾਸ਼ਕ : ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ—1994
   ਦੂਜਾ ਐਡੀਸ਼ਨ : ਨੈਸ਼ਨਲ ਬੁਕ ਸ਼ਾਪ, ਦਿੱਲੀ—2008

4. ਰਵਿੰਦਰ ਰਵੀ ਦਾ ਰਚਨਾ ਸੰਸਾਰ
   ਲੇਖਕ : ਪ੍ਰੋ. ਬ੍ਰਹਮ ਜਗਦੀਸ਼ ਸਿੰਘ
   ਪ੍ਰਕਾਸ਼ਕ : ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ—1999

5. ਕਥਾ ਸਨਮੁਖ : ਤਿੰਨ ਕਹਾਣੀਆਂ ਦੇ ਪੜ੍ਹਤ-ਅਧਿਅਨ
   ਸੰਪਾਦਕ : ਰਵਿੰਦਰ ਰਵੀ
   ਪ੍ਰਕਾਸ਼ਕ : ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ—2001

6. ਰਵਿੰਦਰ ਰਵੀ ਦੀ ਕਵਿਤਾ ਵਿਚ ਮਾਨਵੀ ਰਿਸ਼ਤੇ
   ਲੇਖਿਕਾ : ਡਾ. ਸੁਖਵਿੰਦਰ ਕੌਰ ਮੱਲ੍ਹੀ
   ਪ੍ਰਕਾਸ਼ਕ : ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ—2002

7. ਨਾਟਕਕਾਰ ਰਵਿੰਦਰ ਰਵੀ
   ਸੰਪਾਦਕ : ਡਾ. ਗੁਰੂਮੇਲ
   ਪ੍ਰਕਾਸ਼ਕ : ਨੈਸ਼ਨਲ ਬੁਕ ਸ਼ਾਪ, ਦਿੱਲੀ—2003

8. ਕਥਾਕਾਰ ਰਵਿੰਦਰ ਰਵੀ
   ਸੰਪਾਦਕ : ਡਾ. ਗੁਰੂਮੇਲ
   ਪ੍ਰਕਾਸ਼ਕ : ਨੈਸ਼ਨਲ ਬੁਕ ਸ਼ਾਪ, ਦਿੱਲੀ—2004



9. ਰਵਿੰਦਰ ਰਵੀ ਦੀ ਕਹਾਣੀ-ਕਲਾ
   ਲੇਖਿਕਾ : ਦਲਜਿੰਦਰ ਕੌਰ
   ਪ੍ਰਕਾਸ਼ਕ : ਨੈਸ਼ਨਲ ਬੁਕ ਸ਼ਾਪ, ਦਿੱਲੀ—2006

10. ਰਵਿੰਦਰ ਰਵੀ ਦਾ ਨਾਟ-ਚਿੰਤਨ
    ਲੇਖਕ : ਡਾ. ਸਤਨਾਮ ਸਿੰਘ ਜੱਸਲ
    ਪ੍ਰਕਾਸ਼ਕ : ਨੈਸ਼ਨਲ ਬੁਕ ਸ਼ਾਪ, ਦਿੱਲੀ—2007

11. ਕਵੀ ਰਵਿੰਦਰ ਰਵੀ
    ਸੰਪਾਦਕ : ਮਨਜੀਤ ਮੀਤ
    ਪ੍ਰਕਾਸ਼ਕ : ਨੈਸ਼ਨਲ ਬੁਕ ਸ਼ਾਪ, ਦਿੱਲੀ—2008

12. ਰਵਿੰਦਰ ਰਵੀ ਦੀ ਕਹਾਣੀ : ਸੱਭਿਆਚਾਰਕ ਪਰਿਪੇਖ
    ਲੇਖਕ : ਡਾ. ਗੁਰਜੰਟ ਸਿੰਘ
    ਪ੍ਰਕਾਸ਼ਕ : ਲੋਕ ਗੀਤ ਪ੍ਰਕਾਸ਼ਨ, ਚੰਡੀਗੜ੍ਹ—2009

13. ਰਵਿੰਦਰ ਰਵੀ ਦੇ ਕਾਵਿ-ਨਾਟਕਾਂ ਦਾ ਸੰਰਚਨਾਤਮਕ ਅਧਿਐਨ
    ਲੇਖਕ : ਮੁਨੀਸ਼ ਕੁਮਾਰ
    ਪ੍ਰਕਾਸ਼ਕ : ਨੈਸ਼ਨਲ ਬੁਕ ਸ਼ਾਪ, ਦਿੱਲੀ—2011

14. ਮੇਰਾ ਥੀਏਟਰ ਤੇ ਇੱਕੀਵੀਂ ਸਦੀ
    ਸੰਪਾਦਕ : ਰਵਿੰਦਰ ਰਵੀ
    ਪ੍ਰਕਾਸ਼ਕ : ਨੈਸ਼ਨਲ ਬੁਕ ਸ਼ਾਪ, ਦਿਲੀ—2012

15. ਰਵਿੰਦਰ ਰਵੀ ਦਾ ਸਫ਼ਰਨਾਮਾ ਸਿਮਰਤੀਆਂ ਦੇ ਦੇਸ਼ : ਪਾਠ-ਕੇਂਦਰਿਤ ਅਧਿਐਨ
    ਲੇਖਿਕਾ : ਮਨਮੀਤ ਕੌਰ
    ਪ੍ਰਕਾਸ਼ਕ : ਨੈਸ਼ਨਲ ਬੁਕ ਸ਼ਾਪ, ਦਿੱਲੀ—2012

16. ਕਥਾ ਸਨਮੁਖ-2 ਪੰਜ ਕਹਾਣੀਆਂ ਦੇ ਪੜ੍ਹਤ-ਅਧਿਐਨ
    ਸੰਪਾਦਕ : ਰਵਿੰਦਰ ਰਵੀ
    ਪ੍ਰਕਾਸ਼ਕ : ਨੈਸ਼ਨਲ ਬੁਕ ਸ਼ਾਪ, ਦਿੱਲੀ—2012

17. ਰਵਿੰਦਰ ਰਵੀ ਦੇ ਕਾਵਿ-ਨਾਟਕਾਂ ਦਾ "ਥੀਮ ਵਿਗਿਆਨਕ" ਵਿਸ਼ਲੇਸ਼ਣ
    ਲੇਖਿਕਾ : ਡਾ. ਰਵਿੰਦਰ ਕੌਰ ਬੇਦੀ
    ਪ੍ਰਕਾਸ਼ਕ : ਨੈਸ਼ਨਲ ਬੁਕ ਸ਼ਾਪ, ਦਿੱਲੀ—2014

18. ਰਵਿੰਦਰ ਰਵੀ ਦਾ ਸਾਹਿਤ-ਸੰਸਾਰ : ਸੰਵੇਦਨਾ ਤੇ ਸੁਹਜ-ਸੰਚਾਰ
    ਲੇਖਿਕਾ : ਡਾ. ਕਿਰਨਦੀਪ ਕੌਰ
    ਪ੍ਰਕਾਸ਼ਕ : ਨੈਸ਼ਨਲ ਬੁਕ ਸ਼ਾਪ, ਦਿੱਲੀ—2014

19. ਰਵਿੰਦਰ ਰਵੀ ਕਾਵਿ : ਸੱਭਿਆਚਾਰਕ ਤਣਾਓ-ਪਰਵਾਸੀ ਸੰਦਰਭ
    ਲੇਖਿਕਾ : ਸਰਬਜੀਤ ਕੌਰ
    ਪ੍ਰਕਾਸ਼ਕ : ਨੈਸ਼ਨਲ ਬੁਕ ਸ਼ਾਪ, ਦਿੱਲੀ—2015

20. ਰਵਿੰਦਰ ਰਵੀ ਦਾ ਕਾਵਿ-ਸ਼ਾਸਤਰੀ ਚਿੰਤਨ
    ਲੇਖਕ : ਡਾ. ਨਾਨਕ ਸਿੰਘ
    ਪ੍ਰਕਾਸ਼ਕ : ਨੈਸ਼ਨਲ ਬੁਕ ਸ਼ਾਪ, ਦਿੱਲੀ—2017

21. ਰਵਿੰਦਰ ਰਵੀ ਰਚਿਤ ਕਾਵਿ-ਸੰਗ੍ਰਹਿ ਆਪਣੇ ਖਿਲਾਫ਼ (ਮੂਲ ਪਾਠ ਅਤੇ ਆਲੋਚਨਾ)
    ਸੰਪਾਦਕ : ਮਨਜੀਤ ਸਿੰਘ (ਪ੍ਰੋ.), ਡਾ. ਜਸਪਾਲ ਕੌਰ
    ਪ੍ਰਕਾਸ਼ਕ : ਨੈਸ਼ਨਲ ਬੁਕ ਸ਼ਾਪ, ਦਿੱਲੀ—2017

22. ਮੇਰਾ ਕਾਵਿ-ਨਾਟਕੀ ਰੰਗਮੰਚ : ਇਤਿਹਾਸਕ, ਸਿਧਾਂਤਕ ਤੇ ਤਕਨੀਕੀ ਪਰਿਪੇਖ
    ਲੇਖਕ : ਰਵਿੰਦਰ ਰਵੀ
    ਪ੍ਰਕਾਸ਼ਕ : ਨੈਸ਼ਨਲ ਬੁਕ ਸ਼ਾਪ, ਦਿੱਲੀ—2018

---

**ਨੋਟ** : 64 ਪੁਸਤਕਾਂ—ਰਵਿੰਦਰ ਰਵੀ ਦੀਆਂ ਜਾਂ ਉਸ ਉੱਤੇ ਪਿਛਲੇ 31 ਸਾਲਾਂ (1987-2018) ਵਿਚ ਨੈਸ਼ਨਲ ਬੁਕ ਸ਼ਾਪ, ਦਿੱਲੀ ਨੇ ਪ੍ਰਕਾਸ਼ਤ ਕੀਤੀਆਂ।



# ਰਵਿੰਦਰ ਰਵੀ ਦੇ ਸਾਹਿਤ ਉੱਤੇ ਪੀ. ਐਚ. ਡੀ. ਪੱਧਰ ਦਾ ਖੋਜ-ਕਾਰਜ

## ਪੂਰਾ ਹੋ ਚੁੱਕਾ ਖੋਜ-ਕਾਰਜ

1. ਖੋਜਾਰਥੀ : ਸੁਖਵਿੰਦਰ ਕੌਰ ਮੱਲ੍ਹੀ
   ਨਿਗਰਾਨ : ਡਾ. ਹਰਚੰਦ ਸਿੰਘ ਬੇਦੀ
   ਵਿਸ਼ਾ : ਰਵਿੰਦਰ ਰਵੀ ਦੀ ਕਾਵਿ-ਰਚਨਾ ਵਿਚ ਮਾਨਵੀ ਰਿਸ਼ਤਿਆਂ ਦੇ ਵਿਭਿੰਨ ਪਾਸਾਰ
   ਯੂਨੀਵਰਸਿਟੀ : ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, ਭਾਰਤ
   ਇਹ ਖੋਜ-ਕਾਰਜ 2002 ਵਿਚ ਪੂਰਾ ਹੋਇਆ

2. ਖੋਜਾਰਥੀ : ਗੁਰਜੰਟ ਸਿੰਘ
   ਨਿਗਰਾਨ : ਡਾ. ਸ. ਪ. ਸਿੰਘ
   ਵਿਸ਼ਾ : ਰਵਿੰਦਰ ਰਵੀ ਦੀਆਂ ਕਹਾਣੀਆਂ ਦਾ ਸੱਭਿਆਚਾਰਕ ਅਧਿਅਨ
   ਯੂਨੀਵਰਸਿਟੀ : ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, ਭਾਰਤ
   ਇਹ ਖੋਜ-ਕਾਰਜ, 2005 ਵਿਚ ਪੂਰਾ ਹੋਇਆ

3. ਖੋਜਾਰਥੀ : ਰਵਿੰਦਰ ਕੌਰ ਬੇਦੀ
   ਨਿਗਰਾਨ : ਡਾ. ਮਨਜੀਤ ਸਿੰਘ
   ਵਿਸ਼ਾ : ਰਵਿੰਦਰ ਰਵੀ ਦੇ ਕਾਵਿ-ਨਾਟਕਾਂ ਦਾ ਥੀਮ-ਵਿਗਿਆਨਕ ਵਿਸ਼ਲੇਸ਼ਣ
   ਯੂਨੀਵਰਸਿਟੀ : ਦਿੱਲੀ ਯੂਨੀਵਰਸਿਟੀ, ਦਿੱਲੀ, ਭਾਰਤ
   ਇਹ ਖੋਜ-ਕਾਰਜ, 2008-2009 ਵਿਚ ਪੂਰਾ ਹੋਇਆ

4. ਖੋਜਾਰਥੀ : ਕਿਰਨਦੀਪ ਕੌਰ
   ਨਿਗਰਾਨ : ਡਾ. ਗੁਰਮੁਖ ਸਿੰਘ
   ਵਿਸ਼ਾ : ਰਵਿੰਦਰ ਰਵੀ ਦਾ ਰਚਨਾ ਸੰਸਾਰ : ਸੰਵੇਦਨਾ ਤੇ ਸੁਹਜ-ਸੰਚਾਰ
   ਯੂਨੀਵਰਸਿਟੀ : ਪੰਜਾਬੀ ਯੂਨੀਵਰਸਿਟੀ, ਪਟਿਆਲਾ, ਭਾਰਤ
   ਇਹ ਖੋਜ-ਕਾਰਜ, 2013 ਵਿਚ ਪੂਰਾ ਹੋਇਆ

5. ਖੋਜਾਰਥੀ : ਨਾਨਕ ਸਿੰਘ
   ਨਿਗਰਾਨ : ਡਾ. ਸੁਖਦੇਵ ਸਿੰਘ
   ਵਿਸ਼ਾ : ਰਵਿੰਦਰ ਰਵੀ ਦਾ ਕਾਵਿ-ਸ਼ਾਸਤਰੀ ਚਿੰਤਨ
   ਯੂਨੀਵਰਸਿਟੀ : ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, ਭਾਰਤ
   ਇਹ ਖੋਜ-ਕਾਰਜ, 2016 ਵਿਚ ਪੂਰਾ ਹੋਇਆ

6. ਖੋਜਾਰਥੀ : ਮੁਕੇਸ਼ ਲਤਾ
ਨਿਗਰਾਨ : ਡਾ. ਹਰਦਿਲਜੀਤ ਗੋਸਲ
ਵਿਸ਼ਾ : ਆਧੁਨਿਕਤਾ ਦੇ ਸੰਦਰਭ ਵਿਚ ਰਵਿੰਦਰ ਰਵੀ ਦੀਆਂ ਕਹਾਣੀਆਂ ਦਾ ਅਧਿਐਨ
ਯੂਨੀਵਰਸਿਟੀ : ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, ਭਾਰਤ
—ਇਹ ਖੋਜ-ਕਾਰਜ 2017 ਵਿਚ ਪੂਰਾ ਹੋਇਆ।

### ਇਸ ਸਮੇਂ ਹੋ ਰਿਹਾ ਖੋਜ-ਕਾਰਜ

1. ਖੋਜਾਰਥੀ : ਸੁਰਿੰਦਰ ਕੰਬੋਜ
ਨਿਗਰਾਨ : ਡਾ. ਕਿਰਨਦੀਪ ਸਿੰਘ
ਵਿਸ਼ਾ : ਵਿਸ਼ਵੀਕਰਨ ਦੇ ਸੰਦਰਭ ਵਿਚ ਰਵਿੰਦਰ ਰਵੀ ਦੇ ਕਾਵਿ-ਨਾਟਕਾਂ ਦਾ ਅਧਿਐਨ
ਯੂਨੀਵਰਸਿਟੀ : ਲਵਲੀ ਪਰੋਫੈਸ਼ਨਲ ਯੂਨੀਵਰਸਿਟੀ, ਫਗਵਾੜਾ, ਪੰਜਾਬ, ਭਾਰਤ

2. ਖੋਜਾਰਥੀ : ਸਰਬਜੀਤ ਕੌਰ
ਨਿਗਰਾਨ : ਡਾ. ਅਵਤਾਰ ਸਿੰਘ
ਵਿਸ਼ਾ : ਰਵਿੰਦਰ ਰਵੀ ਕਾਵਿ ਵਿੱਚ ਅਸਤਿਤਵਵਾਦ
ਯੂਨੀਵਰਸਿਟੀ : ਲਵਲੀ ਪਰੋਫ਼ੈਸ਼ਨਲ ਯੂਨੀਵਰਸਿਟੀ, ਫਗਵਾੜਾ, ਪੰਜਾਬ, ਭਾਰਤ

3. ਖੋਜਾਰਥੀ : ਕਰਮਜੀਤ ਕੌਰ
ਨਿਗਰਾਨ : ਡਾ. ਸਤੀਸ਼ ਕੁਮਾਰ ਵਰਮਾ
ਵਿਸ਼ਾ : ਰਵਿੰਦਰ ਰਵੀ ਦੇ ਨਾਟਕਾਂ ਦਾ ਰੰਗਮੰਚਕੀ ਅਧਿਅਨ
ਯੂਨੀਵਰਸਿਟੀ : ਪੰਜਾਬੀ ਯੂਨੀਵਰਸਿਟੀ, ਪਟਿਆਲਾ, ਭਾਰਤ

4. ਖੋਜਾਰਥੀ : ਦੇਵਿੰਦਰ ਸਿੰਘ
ਨਿਗਰਾਨ : ਡਾ. ਸਤਿਨਾਮ ਸਿੰਘ ਜੱਸਲ
ਵਿਸ਼ਾ : ਰਵਿੰਦਰ ਰਵੀ ਦੇ ਕਾਵਿ-ਨਾਟਕਾਂ ਦਾ ਅੰਤਰ-ਸੱਭਿਆਚਾਰਕ ਅਧਿਅਨ
ਯੂਨੀਵਰਸਿਟੀ : ਪੰਜਾਬੀ ਯੂਨੀਵਰਸਿਟੀ, ਪਟਿਆਲਾ, ਭਾਰਤ



## ਰਵਿੰਦਰ ਰਵੀ ਦੇ ਸਾਹਿਤ ਉੱਤੇ ਐਮ. ਫਿਲ. ਪੱਧਰ ਦਾ ਖੋਜ-ਕਾਰਜ

### ਪੂਰਾ ਹੋ ਚੁੱਕਾ ਖੋਜ-ਕਾਰਜ

1. ਖੋਜਾਰਥੀ : ਅਰਿੰਦਰ ਸਿੰਘ
ਨਿਗਰਾਨ : ਡਾ. ਸੁਰਿੰਦਰਪਾਲ ਸਿੰਘ
ਵਿਸ਼ਾ : ਰਵਿੰਦਰ ਰਵੀ ਦੀਆਂ ਕਹਾਣੀਆਂ ਵਿਚ ਪਰਵਾਸੀ ਚੇਤਨਾ
ਯੂਨੀਵਰਸਿਟੀ : ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, ਭਾਰਤ
—ਇਹ ਖੋਜ-ਕਾਰਜ 1985-86 ਵਿਚ ਪੂਰਾ ਹੋਇਆ।

2. ਖੋਜਾਰਥੀ : ਮਨਜੀਤ ਕੌਰ
ਨਿਗਰਾਨ : ਡਾ. ਕੁਲਦੀਪ ਸਿੰਘ ਧੀਰ
ਵਿਸ਼ਾ : ਰਵਿੰਦਰ ਰਵੀ ਦੇ ਕਾਵਿ-ਨਾਟਕਾਂ ਦਾ ਆਲੋਚਨਾਤਮਕ ਅਧਿਅਨ
ਯੂਨੀਵਰਸਿਟੀ : ਪੰਜਾਬੀ ਯੂਨੀਵਰਸਿਟੀ, ਪਟਿਆਲਾ, ਭਾਰਤ
—ਇਹ ਖੋਜ-ਕਾਰਜ 1987-88 ਵਿਚ ਪੂਰਾ ਹੋਇਆ।

3. ਖੋਜਾਰਥੀ : ਜਸਪਾਲ ਕੌਰ
ਨਿਗਰਾਨ : ਡਾ. ਸੁਤਿੰਦਰ ਸਿੰਘ ਨੂਰ
ਵਿਸ਼ਾ : ਰਵਿੰਦਰ ਰਵੀ ਦੇ "ਪਿਆਸਾ ਬੱਦਲ" ਦਾ ਕਾਵਿ-ਅਧਿਅਨ
ਯੂਨੀਵਰਸਿਟੀ : ਦਿੱਲੀ ਯੂਨੀਵਰਸਿਟੀ, ਦਿੱਲੀ, ਭਾਰਤ
—ਇਹ ਖੋਜ-ਕਾਰਜ 1991-92 ਵਿਚ ਪੂਰਾ ਹੋਇਆ।

4. ਖੋਜਾਰਥੀ : ਦਲਜਿੰਦਰ ਕੌਰ
ਨਿਗਰਾਨ : ਡਾ. ਕੁਲਦੀਪ ਸਿੰਘ ਧੀਰ
ਵਿਸ਼ਾ : ਰਵਿੰਦਰ ਰਵੀ ਦੀ ਕਹਾਣੀ-ਕਲਾ
ਯੂਨੀਵਰਸਿਟੀ : ਪੰਜਾਬੀ ਯੂਨੀਵਰਸਿਟੀ, ਪਟਿਆਲਾ, ਭਾਰਤ
—ਇਹ ਖੋਜ-ਕਾਰਜ 2003-2004 ਵਿਚ ਪੂਰਾ ਹੋਇਆ।

5. ਖੋਜਾਰਥੀ : ਮੁਨੀਸ਼ ਕੁਮਾਰ
ਨਿਗਰਾਨ : ਡਾ. ਗੁਰਚਰਨ ਸਿੰਘ ਅਰਸ਼ੀ
ਵਿਸ਼ਾ : ਰਵਿੰਦਰ ਰਵੀ ਦੇ "ਸੂਰਜ ਨਾਟਕ" ਦਾ ਸੰਰਚਨਾਤਮਕ ਅਧਿਅਨ
ਯੂਨੀਵਰਸਿਟੀ : ਦਿੱਲੀ ਯੂਨੀਵਰਸਿਟੀ, ਦਿੱਲੀ, ਭਾਰਤ
—ਇਹ ਖੋਜ-ਕਾਰਜ 2006 ਵਿਚ ਪੂਰਾ ਹੋਇਆ।

6. ਖੋਜਾਰਥੀ : ਸੁਰਿੰਦਰ ਕੁਮਾਰ
ਨਿਗਰਾਨ : ਡਾ. ਰਘਬੀਰ ਕੌਰ
ਵਿਸ਼ਾ : ਵਿਸ਼ਵੀਕਰਨ ਦੇ ਸੰਦਰਭ 'ਚ ਰਵਿੰਦਰ ਰਵੀ ਦੇ ਕਾਵਿ-ਨਾਟਕ "ਅੱਧੀ ਰਾਤ ਦੁਪਹਿਰ" ਤੇ "ਸਿਫ਼ਰ ਨਾਟਕ" ਦਾ ਅਧਿਐਨ
ਯੂਨੀਵਰਸਿਟੀ : ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, ਭਾਰਤ
—ਇਹ ਖੋਜ-ਕਾਰਜ 2007-2008 ਵਿਚ ਪੂਰਾ ਹੋਇਆ।

7. ਖੋਜਾਰਥੀ : ਮਨਮੀਤ ਕੌਰ
ਨਿਗਰਾਨ : ਡਾ. ਮਨਜੀਤ ਸਿੰਘ
ਵਿਸ਼ਾ : ਰਵਿੰਦਰ ਰਵੀ ਦਾ ਸਫ਼ਰਨਾਮਾ, "ਸਿਮਰਤੀਆਂ ਦੇ ਦੇਸ਼ : ਪਾਠ-ਕੇਂਦਰਿਤ ਅਧਿਐਨ"
ਯੂਨੀਵਰਸਿਟੀ : ਦਿੱਲੀ ਯੂਨੀਵਰਸਿਟੀ, ਦਿੱਲੀ
—ਇਹ ਖੋਜ-ਕਾਰਜ 2009-10 ਸੈਸ਼ਨ ਵਿਚ ਪੂਰਾ ਹੋਇਆ।

8. ਖੋਜਾਰਥੀ : ਸਰਬਜੀਤ ਕੌਰ
ਨਿਗਰਾਨ : ਡਾ. ਅਵਤਾਰ ਸਿੰਘ
ਵਿਸ਼ਾ : ਪਰਵਾਸੀ ਪੰਜਾਬੀ ਕਵਿਤਾ ਵਿਚ ਸੱਭਿਆਚਾਰਕ ਤਣਾਉ (ਰਵਿੰਦਰ ਰਵੀ-ਕਾਵਿ ਦੇ ਸੰਦਰਭ ਵਿਚ)
ਯੂਨੀਵਰਸਿਟੀ : ਲਵਲੀ ਪ੍ਰੋਫ਼ੈਸ਼ਨਲ ਯੂਨੀਵਰਸਿਟੀ, ਫਗਵਾੜਾ, ਪੰਜਾਬ
—ਇਹ ਖੋਜ-ਕਾਰਜ 2015 ਵਿਚ ਪੂਰਾ ਹੋਇਆ।

9. ਖੋਜਾਰਥੀ : ਹਰਪ੍ਰੀਤ ਕੁਮਾਰ
ਨਿਗਰਾਨ : ਸੱਤਨਾਮ ਸਿੰਘ ਜੱਸਲ
ਵਿਸ਼ਾ : ਰਵਿੰਦਰ ਰਵੀ ਦੇ ਨਾਟਕ : ਸਰੋਕਾਰ ਅਤੇ ਤਕਨੀਕ ("ਆਪੋ ਆਪਣੇ ਦਰਿਆ" ਦੇ ਪ੍ਰਸੰਗ ਵਿੱਚ)
ਯੂਨੀਵਰਸਿਟੀ : ਪੰਜਾਬੀ ਯੂਨੀਵਰਸਿਟੀ ਰਿਜਨਲ ਸੈਂਟਰ, ਬਠਿੰਡਾ, ਪੰਜਾਬ, ਭਾਰਤ
—ਇਹ ਖੋਜ-ਕਾਰਜ ਅਪ੍ਰੈਲ, 2017 ਵਿਚ ਪੂਰਾ ਹੋਇਆ।

### ਐਮ. ਏ. (ਪੰਜਾਬੀ) ਭਾਗ ਦੂਜਾ ਦੇ ਚੌਥੇ ਪਰਚੇ ਲਈ ਪੂਰਾ ਹੋਇਆ ਖੋਜ-ਕਾਰਜ

1. ਖੋਜਾਰਥੀ : ਪਰਮਦੀਪ ਭੁੱਲਰ
ਨਿਗਰਾਨ : ਪ੍ਰੋ. ਕੇਵਲ ਸਿੰਘ ਥਿੰਦ
ਵਿਸ਼ਾ : ਰਵਿੰਦਰ ਰਵੀ ਦਾ ਕਾਵਿ-ਨਾਟਕ : "ਬੀਮਾਰ ਸਦੀ"-ਇਕ ਅਧਿਅਨ
ਯੂਨੀਵਰਸਿਟੀ : ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, ਭਾਰਤ
—ਇਹ ਖੋਜ-ਕਾਰਜ 1974-75 ਵਿਚ ਪੂਰਾ ਹੋਇਆ।



## ਰਵਿੰਦਰ ਰਵੀ ਨੂੰ ਮਿਲੇ ਪੁਰਸਕਾਰਾਂ ਦਾ ਵੇਰਵਾ

| | ਪੁਰਸਕਾਰ | ਵਲੋਂ (ਇਦਾਰਾ) | ਸਾਲ |
|---|---|---|---|
| 1. | ਸਾਲ 1965 ਦੀ ਸਰਬੋਤਮ ਕਾਵਿ-ਪੁਸਤਕ "ਬਿੰਦੂ" ਪੁਰਸਕਾਰ | ਪੰਜਾਬੀ ਸਾਹਿਤ ਸਮੀਖਿਆ ਬੋਰਡ, ਜਲੰਧਰ, ਪੰਜਾਬ, ਭਾਰਤ | 1965 |
| 2. | ਸਾਲ 1965 ਦੀ ਸਰਬੋਤਮ ਕਾਵਿ-ਪੁਸਤਕ "ਬਿੰਦੂ" ਪੁਰਸਕਾਰ | ਪੰਜਾਬੀ ਦਰਬਾਰ, ਪੰਜਾਬ, ਭਾਰਤ | 1965 |
| 3. | ਪਿਛਲੇ ਪੰਦਰਾਂ ਸਾਲਾਂ ਵਿਚ ਨਵੀਆਂ ਲੀਹਾਂ ਪਾਉਣ ਵਾਲੀ ਸਰਬੋਤਮ ਨਾਟ-ਪੁਸਤਕ "ਬੀਮਾਰ ਸਦੀ" ਪੁਰਸਕਾਰ | ਪੰਜਾਬੀ ਲਿਟਰੇਰੀ ਫ਼ੋਰਮ, ਚੰਡੀਗੜ੍ਹ, ਭਾਰਤ | 1975 |
| 4. | ਸਾਲ 1974 ਦੀ ਸਰਬੋਤਮ ਕਾਵਿ-ਨਾਟ ਪੁਸਤਕ "ਬੀਮਾਰ ਸਦੀ" ਪੁਰਸਕਾਰ | ਪੰਜਾਬੀ ਦਰਬਾਰ, ਪੰਜਾਬ, ਭਾਰਤ | 1976 |
| 5. | ਸਾਲ 1979 ਦੀ ਸਰਬੋਤਮ ਗੱਦ-ਪੁਸਤਕ "ਸਿਮਰਤੀਆਂ ਦੇ ਦੇਸ਼" ਪੁਰਸਕਾਰ | ਪੰਜਾਬੀ ਸਾਹਿਤ ਸਮੀਖਿਆ ਬੋਰਡ, ਜਲੰਧਰ, ਪੰਜਾਬ, ਭਾਰਤ | 1979 |
| 6. | ਸ਼੍ਰੋਮਣੀ ਸਾਹਿਤਕਾਰ ਪੁਰਸਕਾਰ (ਬਦੇਸ਼ੀ) | ਭਾਸ਼ਾ ਵਿਭਾਗ, ਪੰਜਾਬ, ਭਾਰਤ | 1980 |
| 7. | ਸ਼੍ਰੋਮਣੀ ਸਾਹਿਤਕਾਰ ਪੁਰਸਕਾਰ | ਪੰਜਾਬ ਆਰਟਸ ਕੌਂਸਲ, ਚੰਡੀਗੜ੍ਹ, ਭਾਰਤ | 1980 |
| 8. | ਈਸ਼ਵਰ ਚੰਦਰ ਨੰਦਾ ਪੁਰਸਕਾਰ 'ਅੱਧੀ ਰਾਤ ਦੁਪਹਿਰ' ਕਾਵਿ-ਨਾਟਕ ਵਾਸਤੇ | ਭਾਸ਼ਾ ਵਿਭਾਗ, ਪੰਜਾਬ, ਭਾਰਤ | 1983 |
| 9. | ਪ੍ਰੋਫ਼ੈਸਰ ਮੋਹਨ ਸਿੰਘ ਪੁਰਸਕਾਰ | ਪੰਜ ਦਰਿਆ ਪੰਜਾਬੀ ਅਕਾਦਮੀ, ਟਰਾਂਟੋ, ਕੈਨੇਡਾ | 1989 |
| 10. | ਕਰਤਾਰ ਸਿੰਘ ਧਾਲੀਵਾਲ ਪੁਰਸਕਾਰ | ਪੰਜਾਬੀ ਅਕਾਦਮੀ, ਲੁਧਿਆਣਾ, ਭਾਰਤ | 1992 |
| 11. | ਸਾਈਂ ਬੁੱਲ੍ਹੇ ਸ਼ਾਹ ਪੁਰਸਕਾਰ | ਏਸ਼ੀਅਨ ਰਾਈਟਰਜ਼ ਐਸੋਸੀਏਸ਼ਨ, ਡੈਨਮਾਰਕ | 1993 |
| 12. | ਸ਼੍ਰੋਮਣੀ ਸਾਹਿਤਕਾਰ ਪੁਰਸਕਾਰ | ਪੰਜਾਬੀ ਸਾਹਿਤ ਸਭਾ, ਕੈਲੇਫੋਰਨੀਆਂ, ਅਮਰੀਕਾ | 1994 |

| | | |
|---|---|---|
| 13. ਬਾਵਾ ਬਲਵੰਤ ਪੁਰਸਕਾਰ | ਸਾਹਿਤ ਵਿਚਾਰ ਕੇਂਦਰ (ਰਜਿ.), ਅੰਮ੍ਰਿਤਸਰ, ਪੰਜਾਬ, ਭਾਰਤ | 1994 |
| 14. ਪੋਇਟ ਆਫ਼ ਦ ਯੀਅਰ ਅਵਾਰਡ Poet of the Year Award | Alumni of The World University, Cornwall, Canada | 1996 |
| 15. Man of the Peace Award | ਅਦੀਬ ਇੰਟਰਨੈਸ਼ਨਲ, (ਸਾਹਿਰ ਕਲਚਰਲ ਅਕਾਦਮੀ), ਲੁਧਿਆਣਾ, ਭਾਰਤ | 1997 |
| 16. ਪ੍ਰੋ. ਪੂਰਨ ਸਿੰਘ ਦਹਿਸਦੀ (Millenium) ਪੁਰਸਕਾਰ | ਪੰਜਾਬੀ ਯੂਨੀਵਰਸਿਟੀ, ਪਟਿਆਲਾ, ਭਾਰਤ | 2000 |
| 17. ਮਹਾਰਾਜਾ ਰਣਜੀਤ ਸਿੰਘ ਯਾਦਗਾਰੀ ਪੁਰਸਕਾਰ | ਪੰਜਾਬੀ ਯੂਨੀਵਰਸਿਟੀ, ਪਟਿਆਲਾ, ਭਾਰਤ | 2001 |
| 18. ਸਮੁੱਚੀ ਸਾਹਿਤ-ਸੇਵਾ ਪੁਰਸਕਾਰ | ਇੰਡੋ-ਕਨੇਡੀਅਨ ਕਲਚਰਲ ਐਸੋਸੀਏਸ਼ਨ, ਸਰੀ, ਬੀ.ਸੀ. ਕੈਨੇਡਾ | 2005 |
| 19. ਜੀਵਨ-ਕਾਲ ਪ੍ਰਾਪਤੀ ਪੁਰਸਕਾਰ Life-Time Achievement Award | ਇਦਾਰਾ ਪੰਜਾਬੀ ਜ਼ਬਾਨ ਤੇ ਸਕਾਫ਼ਤ, ਲਾਹੌਰ, ਪਾਕਿਸਤਾਨ | 2006 |
| 20. ਤਮਗ਼ਾ-ਏ-ਹੁਸਨ-ਏ-ਕਾਰਕਰਦਗੀ Pride of Performance Award | World Institute of Punjabi Literature and Heritage, Lahore, Pakistan | 2006 |
| 21. ਸੋਨ ਤਮਗ਼ਾ (Gold Medal) ਕਾਵਿ-ਨਾਟਕਾਂ ਵਾਸਤੇ | ਐਸੋਸੀਏਸ਼ਨ ਆਫ ਰਾਈਟਰਜ਼ ਐਂਡ ਆਰਟਿਸਟਸ, ਲਾਹੌਰ, ਪਾਕਿਸਤਾਨ | 2006 |
| 22. ਸੌ ਸਾਲਾ ਵਰ੍ਹੇ ਗੰਢ ਦਿਵਸ ਯਾਦਗਾਰੀ "ਵਿਲੱਖਣ ਪ੍ਰਾਪਤੀ ਪੁਰਸਕਾਰ" | ਖਾਲਸਾ ਦੀਵਾਨ ਸੋਸਾਇਟੀ, ਵੈਨਕੂਵਰ, ਬੀ.ਸੀ., ਕੈਨੇਡਾ | 2006 |
| 23. ਫੈਲੋਸ਼ਿਪ | ਪੰਜਾਬੀ ਅਕਾਦਮੀ, ਲਿਸਟਰ, ਇੰਗਲੈਂਡ | 2007 |
| 24. ਅੰਮ੍ਰਿਤਾ ਪ੍ਰੀਤਮ ਮੈਮੋਰੀਅਲ ਇੰਟਰਨੈਸ਼ਨਲ ਅਵਾਰਡ ਆਫ਼ ਡਿਸਟਿੰਕਸ਼ਨ | ਸਿਪਸਾ-ਕੈਨੇਡੀਅਨ ਇੰਟਰਨੈਸ਼ਨਲ ਪੰਜਾਬੀ ਸਾਹਿਤ ਅਕਾਦਮੀ, ਟਰਾਂਟੋ, ਕੈਨੇਡਾ | 2007 |



| | | |
|---|---|---|
| 25. ਸਰਬ ਸ੍ਰੇਸ਼ਟ ਸਾਹਿਤਕਾਰ ਪੁਰਸਕਾਰ | ਪਰਵਾਸੀ ਮੀਡੀਆ ਗਰੁੱਪ, ਟਰਾਂਟੋ, ਕੈਨੇਡਾ | 2008 |
| 26. Honorary Life Time Membership Awrad | ਨਿਸਗਾ ਟੀਚਰਜ਼ ਯੂਨੀਅਨ, ਨਿਊ ਆਏਐਂਸ਼, ਬੀ.ਸੀ., ਕੈਨੈਡਾ | 2010 |
| 27. ਨਾਟ ਸ਼੍ਰੋਮਣੀ | ਪੰਜਾਬੀ ਨਾਟ ਅਕਾਦਮੀ, ਲੁਧਿਆਣਾ, ਭਾਰਤ | 2011 |
| 28. ਜੀਵਨ-ਕਾਲ ਪ੍ਰਾਪਤੀ ਪੁਰਸਕਾਰ | ਕੇਂਦਰੀ ਪੰਜਾਬੀ ਲੇਖਕ ਸਭਾ, ਉੱਤਰੀ ਅਮਰੀਕਾ, ਸਰੀ, ਬੀ.ਸੀ., ਕੈਨੇਡਾ | 2011 |
| 29. ਜੀਵਨ-ਕਾਲ ਪ੍ਰਾਪਤੀ ਪੁਰਸਕਾਰ | (UBC) ਯੂਨੀਵਰਸਿਟੀ ਆਫ਼ ਬ੍ਰਿਟਿਸ਼ ਕੋਲੰਬੀਆ, ਵੈਨਕੂਵਰ, ਕੈਨੇਡਾ | 2011 |
| 30. ਇਕਬਾਲ ਅਰਪਨ ਯਾਦਗਾਰੀ ਜੀਵਨ-ਕਾਲ ਪ੍ਰਾਪਤੀ ਪੁਰਸਕਾਰ | ਅਰਪਨ ਲਿਖਾਰੀ ਸਭਾ, ਕੈਲਗਰੀ, ਅਲਬਰਟਾ, ਕੈਨੇਡਾ | 2012 |
| 31. ਜੀਵਨ-ਕਾਲ ਪ੍ਰਾਪਤੀ ਪੁਰਸਕਾਰ | ਪੰਜਾਬੀ ਆਰਸੀ ਰਾਈਟਰਜ਼ ਕਲੱਬ, (ਕੈਨੇਡਾ) | 2013 |
| 32. ਬਲਵੰਤ ਗਾਰਗੀ ਮੈਮੋਰੀਅਲ ਇੰਟਰਨੈਸ਼ਨਲ ਅਵਾਰਡ ਆਫ਼ ਡਿਸਟਿੰਕਸ਼ਨ | ਸਿਪਸਾ-ਕੈਨੇਡੀਅਨ ਇੰਟਰਨੈਸ਼ਨਲ ਪੰਜਾਬੀ ਸਾਹਿਤ ਅਕਾਦਮੀ, ਟਰਾਂਟੋ, ਕੈਨੇਡਾ | 2015 |
| 33. ਕਰਤਾਰ ਸਿੰਘ ਦੁੱਗਲ ਮੈਮੋਰੀਅਲ ਇੰਟਰਨੈਸ਼ਨਲ ਅਵਾਰਡ ਆਫ ਡਿਸਟਿੰਕਸ਼ਨ (ਫਾਰ ਪੰਜਾਬੀ ਸ਼ਾਰਟ ਸਟੋਰੀਜ਼) ਪੁਸਤਕ : "ਮੇਰੀਆਂ ਸਾਰੀਆਂ ਕਹਾਣੀਆਂ" ਲਈ | ਸਿਪਸਾ-ਕੈਨੇਡੀਅਨ ਇੰਟਰਨੈਸ਼ਨਲ ਪੰਜਾਬੀ ਸਾਹਿਤ ਅਕਾਦਮੀ, ਟਰਾਂਟੋ, ਕੈਨੇਡਾ | 2017 |

# ਰਵਿੰਦਰ ਰਵੀ ਨੂੰ ਮਿਲੇ ਸਨਮਾਨਾਂ ਦਾ ਵੇਰਵਾ

| | ਸੰਸਥਾ | ਸਾਲ |
|---|---|---|
| 1. | ਪੰਜਾਬੀ ਲਿਖਾਰੀ ਸਭਾ, ਨੈਰੋਬੀ, ਕੀਨੀਆਂ | 1974 |
| 2. | ਮਾਸਕ 'ਦ੍ਰਿਸ਼ਟੀ', ਜਲੰਧਰ, ਪੰਜਾਬ, ਭਾਰਤ | 1976 |
| 3. | ਪੰਜਾਬੀ ਲਿਖਾਰੀ ਸਭਾ (ਰਜਿ.), ਜਗਤਪੁਰ, ਪੰਜਾਬ, ਭਾਰਤ | 1981 |
| 4. | ਮਾਸਕ 'ਅਕਸ' ਮੰਚ, ਨਵੀਂ ਦਿੱਲੀ, ਭਾਰਤ | 1993 ਤੇ 2001 |
| 5. | ਗੁਰੂ ਗੋਬਿੰਦ ਸਿੰਘ ਫਾਊਂਡੇਸ਼ਨ, ਚੰਡੀਗੜ੍ਹ, ਭਾਰਤ | 1993 |
| 6. | ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, ਪੰਜਾਬ, ਭਾਰਤ | 1993 |
| 7. | ਇੰਟਰਨੈਸ਼ਨਲ ਲਿਟਰੇਰੀ ਐਂਡ ਕਲਚਰਲ ਫੋਰਮ, ਲਿਸਟਰ, ਇੰਗਲੈਂਡ (U.K.) | 1995 |
| 8. | ਮੇਲ ਮਿਲਾਪ ਸਾਹਿਤ ਸਭਾ, ਗਲਾਸਗੋ, ਸਕਾਟਲੈਂਡ (U.K.) | 2000 |
| 9. | ਭਾਸ਼ਾ ਵਿਭਾਗ, ਪੰਜਾਬ, ਭਾਰਤ | 2001 |
| 10. | ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ.), ਪੰਜਾਬ, ਭਾਰਤ | 2001 |
| 11. | ਸਿਰਜਣਾ ਸੰਗਮ, ਪਟਿਆਲਾ, ਪੰਜਾਬ, ਭਾਰਤ | 2001 |
| 12. | ਪੰਜਾਬੀ ਲੇਖਕ ਸਭਾ, ਪਟਿਆਲਾ, ਪੰਜਾਬ, ਭਾਰਤ | 2001 |
| 13. | ਪੰਜਾਬੀ ਲਿਟਰੇਰੀ ਫੋਰਮ, ਪਟਿਆਲਾ ਪੰਜਾਬ, ਭਾਰਤ | 2001 |
| 14. | ਰਚਨਾ ਵਿਚਾਰ ਮੰਚ, ਨਾਭਾ, ਪੰਜਾਬ, ਭਾਰਤ | 2001 |
| 15. | ਲਾਇਲਪੁਰ ਖਾਲਸਾ ਕਾਲਜ, ਜਲੰਧਰ, ਪੰਜਾਬ, ਭਾਰਤ | 2002 |
| 16. | ਨਿਸਗਾ ਸਕੂਲ ਜ਼ਿਲ੍ਹਾ, ਨਿਊ ਆਏਐਂਸ਼, ਬੀ.ਸੀ. ਕੈਨੇਡਾ | 2003 |
| 17. | ਨਿਸਗਾ ਟੀਚਰਜ਼ ਯੂਨੀਅਨ, ਨਿਊ ਆਏਐਂਸ਼, ਬੀ.ਸੀ. ਕੈਨੇਡਾ | 2004 |
| 18. | ਵਿਸ਼ਵ ਪੰਜਾਬੀ ਅਕਾਦਮੀ, ਕੈਲੇਫੋਰਨੀਆ, ਅਮਰੀਕਾ | 2004 |
| 19. | ਪੰਜਾਬੀ ਪੱਤਰਕਾਰ ਸੰਸਥਾ, ਲਾਹੌਰ, ਪਾਕਿਸਤਾਨ | 2006 |
| 20. | ਪੰਜਾਬੀ ਯੂਨੀਵਰਸਿਟੀ, ਪਟਿਆਲਾ, ਭਾਰਤ | 2006 |
| 21. | ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ.), ਜਲੰਧਰ, ਭਾਰਤ | 2006 |
| 22. | ਪੰਜਾਬੀ ਲਿਖਾਰੀ ਸਭਾ, ਜਗਤਪੁਰ (ਰਜਿ.),ਜ਼ਿਲ੍ਹਾ ਨਵਾਂ ਸ਼ਹਿਰ, ਭਾਰਤ | 2006 |
| 23. | ਅਦਾਰਾ ਵੀਯਨਜ਼ ਆਫ਼ ਪੰਜਾਬ, ਟੀ.ਵੀ., ਬਰੈਂਪਟਨ, ਕੈਨੇਡਾ | 2007 |
| 24. | ਰਚਨਾ ਵਿਚਾਰ ਮੰਚ, ਪੰਜਾਬ (ਰਜਿ.), ਨਾਭਾ | 2008 |



Final Dummy


| | | |
|---|---|---|
| 25. | ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ.), ਪੰਜਾਬ, ਭਾਰਤ | 2008 |
| 26. | ਭਾਸ਼ਾ ਵਿਭਾਗ, ਪੰਜਾਬ, ਭਾਰਤ | 2008 |
| 27. | UBC ਯੂਨੀਵਰਸਿਟੀ ਆਫ਼ ਬ੍ਰਿਟਿਸ਼ ਕੋਲੰਬੀਆ, ਏਸ਼ੀਅਨ ਲਾਇਬ੍ਰੇਰੀ ਵੈਨਕੂਵਰ, ਬੀ.ਸੀ., ਕੈਨੇਡਾ | 2010 |
| 28. | ਪੰਜਾਬੀ ਅਦਬੀ ਸੰਗਤ, ਸਰੀ, ਬੀ.ਸੀ., ਕੈਨੇਡਾ | 2013 |
| 29. | ਸੁੱਖੀ ਬਾਠ ਫਾਊਂਡੇਸ਼ਨ, ਸਰੀ, ਬੀ.ਸੀ., ਕੈਨੇਡਾ | 2014 |



Final Dummy

# ਇਆਪਾ (I.A.P.A.A.) ਤੇ ਇਸ ਵਲੋਂ ਦਿੱਤੇ ਗਏ ਪੁਰਸਕਾਰ

ਇਆਪਾ (ਇੰਟਰਨੈਸ਼ਨਲ ਐਸੋਸੀਏਸ਼ਨ ਆਫ਼ ਪੰਜਾਬੀ ਆਥਰਜ਼ ਐਂਡ ਆਰਟਿਸਟਸ) ਦੀ ਸਥਾਪਨਾ ਮੈਂ, ਡਾ. ਗੁਰੂਮੇਲ, ਸੁਰਗੀ ਤਾਰਾ ਸਿੰਘ ਹੇਅਰ (ਸੰਪਾਦਕ: ਇੰਡੋ-ਕਨੇਡੀਅਨ ਟਾਇਮਜ਼), ਗੁਰਚਰਨ ਰਾਮਪੁਰੀ, ਦਰਸ਼ਨ ਗਿੱਲ ਅਤੇ ਭੁਪਿੰਦਰ ਧਾਲੀਵਾਲ ਆਦਿ ਨੂੰ ਨਾਲ ਲੈ ਕੇ, 3 ਜੁਲਾਈ, 1978 ਨੂੰ ਕੀਤੀ। ਇਸ ਸੰਸਥਾ ਵਲੋਂ 1981 ਵਿਚ ਮੇਰੀ ਸੰਪਾਦਨਾ ਹੇਠਾਂ 'ਵਿਸ਼ਵ ਪੰਜਾਬੀ ਸਾਹਿਤ' ਨਾਮ ਦੀ ਪੁਸਤਕ ਪ੍ਰਕਾਸ਼ਤ ਕੀਤੀ ਗਈ, ਜਿਸ ਵਿਚ 12 ਦੇਸ਼ਾਂ ਦੇ 100 ਕੁ ਪੰਜਾਬੀ ਲੇਖਕਾਂ ਦੀਆਂ ਲਿਖਤਾਂ ਸ਼ਾਮਿਲ ਕੀਤੀਆਂ ਗਈਆਂ ਸਨ।

ਲੋਕ ਮੰਚ ਨਾਲ ਜੁੜੇ ਜੋਗਿੰਦਰ ਬਾਹਰਲਾ ਨੂੰ ਇਸ ਸੰਸਥਾ ਵਲੋਂ 1979 ਵਿਚ ਸਨਮਾਨਤ ਕੀਤਾ ਗਿਆ। 1980 ਵਿਚ 500 ਡਾਲਰ ਦੇ ਪ੍ਰੋ. ਪਿਆਰਾ ਸਿੰਘ ਗਿੱਲ ਤੇ ਕਰਮ ਸਿੰਘ ਸੰਧੂ ਮੈਮੋਰੀਅਲ ਅੰਤਰ-ਰਾਸ਼ਟਰੀ ਸ਼੍ਰੋਮਣੀ ਸਾਹਿਤਕਾਰ/ਪੱਤਰਕਾਰ/ਕਲਾਕਾਰ ਪੁਰਸਕਾਰ ਦੀ ਸਥਾਪਨਾ ਕੀਤੀ ਗਈ।

ਇਹ ਪੁਰਸਕਾਰ ਹੁਣ ਤਕ ਹੇਠ ਲਿਖੇ ਲੇਖਕਾਂ, ਪੱਤਰਕਾਰਾਂ ਤੇ ਕਲਾਕਾਰਾਂ ਨੂੰ ਦਿੱਤਾ ਜਾ ਚੁੱਕਾ ਹੈ :

| | | | |
|---|---|---|---|
| 1. | ਸੰਤ ਸਿੰਘ ਸੇਖੋਂ | ਭਾਰਤ | 1980 |
| 2. | ਫ਼ਖਰ ਜ਼ਮਾਨ | ਪਾਕਿਸਤਾਨ | 1981 |
| 3. | ਕਰਤਾਰ ਸਿੰਘ ਦੁੱਗਲ | ਭਾਰਤ | 1982 |
| 4. | ਸੋਹਨ ਕਾਦਰੀ | ਡੈਨਮਾਰਕ | 1982 |
| 5. | ਅਜੀਤ ਕੌਰ | ਭਾਰਤ | 1983 |
| 6. | ਤਰਸੇਮ ਸਿੰਘ ਪੁਰੇਵਾਲ | ਇੰਗਲੈਂਡ | 1983 |
| 7. | ਡਾ. ਸੁਰਜੀਤ ਸਿੰਘ ਸੇਠੀ | ਭਾਰਤ | 1984 |
| 8. | ਡਾ. ਦਲੀਪ ਕੌਰ ਟਿਵਾਣਾ | ਭਾਰਤ | 1985 |
| 9. | ਅੰਮ੍ਰਿਤਾ ਪ੍ਰੀਤਮ | ਭਾਰਤ | 1986 |
| 10. | ਡਾ. ਹਰਚਰਨ ਸਿੰਘ | ਭਾਰਤ | 1986 |
| 11. | ਅਫ਼ਜ਼ਲ ਅਹਿਸਨ ਰੰਧਾਵਾ | ਪਾਕਿਸਤਾਨ | 1986 |
| 12. | ਅਜਾਇਬ ਕਮਲ | ਕੀਨੀਆ | 1986 |
| 13. | ਡਾ. ਗੁਰੂਮੇਲ | ਅਮਰੀਕਾ | 1986 |
| 14. | ਦੇਵ | ਸਵਿਟਜ਼ਰਲੈਂਡ | 1986 |
| 15. | ਸ਼ਿਵਚਰਨ ਗਿੱਲ | ਇੰਗਲੈਂਡ | 1986 |



| | | | |
|---|---|---|---|
| 16. | ਡਾ. ਹਰਿਭਜਨ ਸਿੰਘ | ਭਾਰਤ | 1987 |
| 17. | ਡਾ. ਜਸਬੀਰ ਸਿੰਘ ਆਹਲੂਵਾਲੀਆ | ਭਾਰਤ | 1988 |
| 18. | ਬਲਵੰਤ ਗਾਰਗੀ | ਭਾਰਤ | 1989 |
| 19. | ਹਰਦੇਵ ਸਿੰਘ (ਚਿਤਰਕਾਰ) | ਕੈਨੇਡਾ | 1989 |
| 20. | ਤਾਰਾ ਸਿੰਘ | ਭਾਰਤ | 1990 |
| 21. | ਗੁਲਜ਼ਾਰ ਸਿੰਘ ਸੰਧੂ | ਭਾਰਤ | 1990 |
| 22. | ਅਜਮੇਰ ਸਿੰਘ ਔਲਖ | ਭਾਰਤ | 1990 |
| 23. | ਡਾ. ਤੇਜਵੰਤ ਸਿੰਘ ਗਿੱਲ | ਭਾਰਤ | 1991 |
| 24. | ਅਮਰਜੀਤ ਸਿੰਘ (ਅਕਸ) | ਭਾਰਤ | 1992 |
| 25. | ਤਾਰਾ ਸਿੰਘ ਹੇਅਰ | ਕੈਨੇਡਾ | 1992 |
| 26. | ਡਾ. ਰਘਬੀਰ ਸਿੰਘ (ਸਿਰਜਣਾ) | ਭਾਰਤ | 1993 |
| 27. | ਡਾ. ਕੁਲਬੀਰ ਸਿੰਘ ਕਾਂਗ | ਭਾਰਤ | 1994 |
| 28. | ਡਾ. ਪ੍ਰੇਮ ਪ੍ਰਕਾਸ਼ ਸਿੰਘ | ਕੈਨੇਡਾ | 1994 |
| 29. | ਡਾ. ਜੋਗਿੰਦਰ ਸਿੰਘ ਪੁਆਰ | ਭਾਰਤ | 1995 |
| 30. | ਡਾ. ਮਨਜੀਤਪਾਲ ਕੌਰ | ਭਾਰਤ | 1996 |
| 31. | ਡਾ. ਸੁਤਿੰਦਰ ਸਿੰਘ ਨੂਰ | ਭਾਰਤ | 1997 |
| 32. | ਪ੍ਰੋ. ਬ੍ਰਹਮਜਗਦੀਸ਼ ਸਿੰਘ | ਭਾਰਤ | 1997 |
| 33. | ਡਾ. ਅਮਰਜੀਤ ਕੌਂਕੇ | ਭਾਰਤ | 1998 |
| 34. | ਇਲਿਆਸ ਘੁੰਮਣ | ਪਾਕਿਸਤਾਨ | 1998 |
| 35. | ਅਮਰ ਜਯੋਤੀ | ਨੀਦਰਲੈਂਡਜ਼ | 1998 |
| 36. | ਡਾ. ਅਖਤਰ ਹੁਸੈਨ ਅਖਤਰ | ਪਾਕਿਸਤਾਨ | 1999 |
| 37. | ਜਸਬੀਰ ਭੁੱਲਰ | ਭਾਰਤ | 2000 |
| 38. | ਅਜੀਤ ਰਾਹੀ | ਆਸਟ੍ਰੇਲੀਆ | 2000 |
| 39. | ਬਲਿਹਾਰ ਸਿੰਘ ਰੰਧਾਵਾ | ਇੰਗਲੈਂਡ | 2000 |
| 40. | ਹਰਭਜਨ ਸਿੰਘ ਹਲਵਾਰਵੀ | ਭਾਰਤ | 2000 |
| 41. | ਅਵਤਾਰ ਜੌੜਾ | ਭਾਰਤ | 2001 |
| 42. | ਡਾ. ਮਨਜੀਤ ਸਿੰਘ | ਭਾਰਤ | 2002 |
| 43. | ਪ੍ਰੋ. ਰਾਸ਼ਦ ਹਸਨ ਰਾਣਾ | ਪਾਕਿਸਤਾਨ | 2005 |

| | | | |
|---|---|---|---|
| 44. | ਪ੍ਰੋ. ਆਸ਼ਿਕ ਰਹੀਲ | ਪਾਕਿਸਤਾਨ | 2006 |
| 45. | ਡਾ. ਵਨੀਤਾ | ਭਾਰਤ | 2007 |
| 46. | ਡਾ. ਸਾਹਿਬ ਸਿੰਘ | ਭਾਰਤ | 2008 |
| 47. | ਪ੍ਰਮਿੰਦਰਜੀਤ | ਭਾਰਤ | 2009 |
| 48. | ਕੇਵਲ ਧਾਲੀਵਾਲ | ਭਾਰਤ | 2010 |
| 49. | ਮਨਜੀਤ ਮੀਤ | ਕੈਨੇਡਾ | 2010 |
| 50. | ਗੁਰਦਿਆਲ ਕੰਵਲ | ਕੈਨੇਡਾ | 2010 |
| 51. | ਚਰਨ ਸਿੰਘ | ਕੈਨੇਡਾ | 2011 |
| 52. | ਡਾ. ਨਿਗਹਤ ਖੁਰਸ਼ੀਦ | ਪਾਕਿਸਤਾਨ | 2012 |
| 53. | ਕੇਵਲ ਧਾਲੀਵਾਲ<br>ਸ਼੍ਰੋਮਣੀ ਨਟ ਸਮਰਾਟ ਪੁਰਸਕਾਰ | ਭਾਰਤ | 2013 |
| 54. | ਕੇਵਲ ਧਾਲੀਵਾਲ<br>ਬਲਵੰਤ ਗਾਰਗੀ ਯਾਦਗਾਰੀ ਰੰਗਮੰਚ ਪੁਰਸਕਾਰ | ਭਾਰਤ | 2016 |
| 55. | ਕੇਵਲ ਧਾਲੀਵਾਲ<br>ਸ਼੍ਰੋਮਣੀ ਕਾਵਿ-ਨਾਟ-ਨਿਰਦੇਸ਼ਕ | ਭਾਰਤ | 2017 |
| 56. | ਕੇਵਲ ਧਾਲੀਵਾਲ<br>ਰੰਗਮੰਚ ਰਤਨ ਪੁਰਸਕਾਰ | ਭਾਰਤ | 2018 |

ਇਆਪਾ ਦੀ ਸ਼ਾਖ: 'ਸਾਹਿਤ ਵਿਚਾਰ ਮੰਚ, ਕੈਨੇਡਾ' ਵਲੋਂ ਹੇਠ ਲਿਖੇ ਸਾਹਿਤਕਾਰਾਂ/ ਲੇਖਕਾਂ ਦਾ 'ਵਿਸ਼ਵ ਪੰਜਾਬੀ ਸਾਹਿਤਕਾਰ ਪੁਰਸਕਾਰ' ਨਾਲ ਸਨਮਾਨ ਕੀਤਾ ਗਿਆ। ਪੁਰਸਕਾਰ ਵਿਚ ਸਨਮਾਨ-ਚਿੰਨ੍ਹ, ਪੱਤਰ ਤੇ 500 ਡਾਲਰ ਸ਼ਾਮਿਲ ਹਨ।

| | | | |
|---|---|---|---|
| 1. | ਕੁਲਵੰਤ ਸਿੰਘ ਵਿਰਕ | ਭਾਰਤ | 1983 |
| 2. | ਕਪੂਰ ਸਿੰਘ ਘੁੰਮਣ | ਭਾਰਤ | 1984 |
| 3. | ਡਾ. ਮ. ਸ. ਰੰਧਾਵਾ | ਭਾਰਤ | 1985 |
| 4. | ਪ੍ਰੀਤਮ ਸਿੰਘ ਸਫ਼ੀਰ | ਭਾਰਤ | 1986-87 |
| 5. | ਕੇਵਲ ਧਾਲੀਵਾਲ<br>(ਸ਼੍ਰੋਮਣੀ ਵਿਸ਼ਵ ਰੰਗਕਰਮੀ ਪੁਰਸਕਾਰ) | ਭਾਰਤ | 2014 |

**-ਰਵਿੰਦਰ ਰਵੀ**

ਜੁਲਾਈ 31, 2017



# ਪੁਸਤਕ ਦਰਸ਼ਨ



Final Dummy

# ਮੇਰਾ ਕਾਵਿ-ਨਾਟਕੀ ਰੰਗਮੰਚ : ਇਤਿਹਾਸਕ ਸਿਧਾਂਤਕ ਤੇ ਤਕਨੀਕੀ ਪਰਿਪੇਖ

## (ਲੇਖਕ-ਰਵਿੰਦਰ ਰਵੀ)

**ਰੀਵੀਊਕਾਰ : ਹਰਸ਼ਰਨ ਕੌਰ**

ਰਵਿੰਦਰ ਰਵੀ ਜੀ ਦੀ ਇਹ ਕਿਤਾਬ ਹਾਰਡ ਬਾਊਂਡ, ਸਰਵਰਕ ਉੱਤੇ ਉਨ੍ਹਾਂ ਦੇ ਕਾਵਿ-ਨਾਟਕ "ਭਰਮ-ਜਲ" ਦੇ ਮੰਚਨ ਦਾ ਦ੍ਰਿਸ਼, ਜਿਸ ਦੇ ਨਿਰਦੇਸ਼ਕ ਨਾਮਵਰ ਰੰਗਕਰਮੀ ਕੇਵਲ ਧਾਲੀਵਾਲ ਤੇ ਹਰਿੰਦਰ ਸੋਹਲ ਦਾ ਸੰਗੀਤ, ਮੰਚਨ ਦੀ ਮਿਤੀ ਤੇ ਸਥਾਨ ਬਾਰੇ ਜ਼ਿਕਰ ਹੈ। ਇਹ 268 ਸਫ਼ਿਆਂ ਦੀ ਕਿਤਾਬ ਨੈਸ਼ਨਲ ਬੁਕ ਸ਼ਾਪ, ਦਿੱਲੀ ਤੋਂ ਪ੍ਰਕਾਸ਼ਿਤ ਹੋਈ ਹੈ। ਇਸ ਅੰਦਰ ਲੇਖਕ ਵੱਲੋਂ ਆਪਣੀਆਂ ਰਚਿਤ ਪੁਸਤਕਾਂ ਦਾ ਵੇਰਵਾ ਹੈ ਤੇ ਇਹ ਕਿਤਾਬ ਲੇਖਕ ਨੇ ਕਾਵਿ-ਨਾਟਕ-ਆਲੋਚਨਾ ਦੇ ਨਵੇਂ ਚਿਹਰਿਆਂ ਦੇ ਨਾਂ ਕੀਤੀ ਹੈ। ਕਿਤਾਬ ਦੀ ਤਰਤੀਬ ਨੂੰ ਅੱਠ ਭਾਗਾਂ ਵਿਚ ਵੰਡਿਆ ਹੈ। ਇਸ ਤੋਂ ਬਾਅਦ ਲੇਖਕ ਦੇ ਕਈ ਕਾਵਿ-ਨਾਟਕਾਂ ਦੇ ਮੰਚਨ ਦੇ ਦ੍ਰਿਸ਼ਾਂ ਦੀਆਂ ਤਸਵੀਰਾਂ ਹਨ। ਇਹੀ ਤਸਵੀਰਾਂ ਸਰਵਰਕ ਦੀ ਜੈਕਟ 'ਤੇ ਵੀ ਹਨ। ਜੀਵਨ ਬਿਓਰੇ ਵਿਚ ਲੇਖਕ ਦੇ ਜਨਮ, ਵਿੱਦਿਅਕ ਯੋਗਤਾ ਤੇ ਭਾਰਤ ਵਿੱਚ ਤਕਰੀਬਨ 10 ਸਾਲ ਅੰਗਰੇਜ਼ੀ ਤੇ ਪੰਜਾਬੀ ਦੇ ਅਧਿਆਪਨ ਦਾ ਜ਼ਿਕਰ ਹੈ। ਇਸ ਤੋਂ ਬਾਅਦ 1967 ਵਿੱਚ ਕੀਨੀਆ ਚਲੇ ਗਏ। ਇਸੇ ਦੌਰਾਨ ਉਹਨਾਂ ਨੇ ਯੂਰਪ, ਉੱਤਰੀ ਅਮਰੀਕਾ, ਅਫ਼ਰੀਕਾ ਤੇ ਏਸ਼ੀਆ ਦੇ ਕਈ ਦੇਸ਼ਾਂ ਦਾ ਰਟਨ ਕੀਤਾ। 1974 ਦੇ ਅੰਤ ਵਿੱਚ ਮੱਧ ਪੂਰਬ, ਯੂਰਪ ਤੇ ਇੰਗਲੈਂਡ ਘੁੰਮਦੇ ਹੋਏ ਪੱਕੇ ਤੌਰ ਤੇ ਕੈਨੇਡਾ ਆ ਗਏ। 1975 ਵਿੱਚ ਪ੍ਰੋਫੈਸ਼ਨਲ ਟੀਚਿੰਗ ਸਰਟੀਫਿਕੇਟ ਲੈ ਕੇ ਸੈਕੰਡਰੀ ਸਕੂਲ ਵਿੱਚ ਅਧਿਆਪਕ ਲੱਗ ਗਏ। ਅਧਿਆਪਨ ਦੇ ਕਿੱਤੇ ਵਿੱਚ ਰਹਿੰਦਿਆਂ ਵੀ ਅੱਗੇ ਵੱਧਦੇ ਗਏ ਤੇ ਅਧਿਆਪਕ ਰਾਜਨੀਤੀ ਅਤੇ ਟ੍ਰੇਡ ਯੂਨੀਅਨ ਮੂਵਮੈਂਟ ਵਿੱਚ ਸਰਗਰਮ ਰਹੇ। 2003 ਵਿੱਚ ਸੇਵਾਮੁਕਤ ਹੋ ਕੇ ਕੁਲਵਕਤੀ ਲੇਖਕ ਬਣ ਗਏ।


Final Dummy

ਭਾਰਤ ਵਿੱਚ ਰਹਿੰਦਿਆਂ ਹੀ ਸਾਹਿਤਕ ਮੀਟਿੰਗਾਂ ਵਿੱਚ ਹਮੇਸ਼ਾ ਉੱਦਮ ਤੇ ਉਤਸ਼ਾਹ ਦਿਖਾਂਦੇ ਰਹੇ। ਜਲੰਧਰ ਦੇ ਕਾਫ਼ੀ ਹਾਊਸ ਵਿੱਚ ਹਿੰਦੀ, ਪੰਜਾਬੀ ਕਵੀਆਂ ਨਾਲ ਮਿਲਣੀ ਤੇ ਫਿਰ ਆਪਣੇ ਦੋਸਤਾਂ ਜਸਬੀਰ ਸਿੰਘ ਆਹਲੂਵਾਲੀਆ, ਅਜਾਇਬ ਕਮਲ ਤੇ ਸੁਖਪਾਲਵੀਰ ਸਿੰਘ ਹਸਰਤ ਨਾਲ ਮਿਲ ਕੇ ਪ੍ਰਯੋਗਸ਼ੀਲ ਲਹਿਰ ਚਲਾਈ। ਇਥੇ ਹੀ ਉਹ ਆਪਣੀ ਪਹਿਲੀ ਨਾਟਕੀ ਕਵਿਤਾ ਦਾ ਜ਼ਿਕਰ ਕਰਦੇ ਹਨ, ਜਦੋਂ ਸੁਰਜੀਤ ਸਿੰਘ ਸੇਠੀ ਨੇ ਆਪਣੇ ਰੇਡੀਓ ਦੇ ਪ੍ਰੋਗਰਾਮ ਵਾਸਤੇ ਨਵੇਂ ਪ੍ਰਯੋਗ ਵਾਲੀ ਕਵਿਤਾ ਲਿਖਣ ਲਈ ਕਿਹਾ ਸੀ। ਪਹਿਲੀ ਨਾਟਕੀ ਕਵਿਤਾ ਜੋ ਉਹਨਾਂ ਦੇ ਜ਼ਿਹਨ 'ਚੋਂ ਨਿਕਲੀ ਉਹ ਸੀ :

"ਮੈਂ ਕਿਸ ਨਗਰੀ ਭਟਕ ਰਿਹਾਂ
ਇਸ ਨਗਰੀ ਰੁੱਖ ਹੈ ਛਾਂ ਨਹੀਂ
ਇਸ ਨਗਰੀ ਸੜਕ ਬਿਨਾਂ ਮੰਜ਼ਿਲ
ਇਕ ਗੋਰਖ-ਧੰਦੇ ਵਿੱਚ ਉਲਝੀ।"

ਇਹ ਕਵਿਤਾ 1967 ਵਿੱਚ "ਮੌਨ ਹਾਦਸੇ" ਕਾਵਿ-ਸੰਗ੍ਰਹਿ ਵਿੱਚ ਛਪੀ ਤੇ ਫਿਰ ਬਾਅਦ ਵਿੱਚ ਇਸ ਕਵਿਤਾ ਨੂੰ ਉਨ੍ਹਾਂ ਨੇ ਦੂਜੇ ਕਾਵਿ-ਨਾਟਕ "ਦਰ ਦੀਵਾਰਾਂ" ਵਿੱਚ ਸ਼ਾਮਲ ਕੀਤਾ।

ਆਪਣੇ ਨਾਟਕੀ ਸਫਰ ਵਿੱਚ ਉਹ ਲਿਖਦੇ ਹਨ ਕਿ ਬਚਪਨ ਵਿੱਚ ਜੋ ਦੋ ਤਿੰਨ ਫ਼ਿਲਮਾਂ ਵੇਖੀਆਂ ਉਨ੍ਹਾਂ ਤੋਂ ਬਹੁਤ ਪ੍ਰਭਾਵਿਤ ਹੋਏ। ਉਹ ਆਪਣੇ ਪਿੰਡ ਆਕੇ ਜੀਵੰਤ ਰੂਪ ਵਿੱਚ ਵਸਦੇ ਨਾਟਕੀ ਸੰਸਾਰ ਨਾਲ ਜੁੜੇ। ਜਦ ਇਹ ਸਭ ਦੇਖਣ ਦੀ ਚੇਟਕ ਲੱਗੀ ਤਾਂ ਫਿਰ ਉਹਨਾਂ ਨੇ ਲੋਕਯਾਨਕ ਮਹਾਂ ਨਾਟ ਕੇ ਕਈ ਰੂਪ ਮਾਣੇ। ਹਰ ਤਰ੍ਹਾਂ ਦੇ ਸੱਭਿਆਚਾਰਕ ਮੇਲਿਆਂ ਦਾ ਆਨੰਦ ਮਾਣਿਆ। ਹਾਈ ਸਕੂਲ ਪੜ੍ਹਦਿਆਂ ਨਾਟਕ ਪੜ੍ਹਨ ਦੀ ਲਗਨ ਲੱਗੀ। ਪੰਜਾਬੀ ਦੀ ਐਮ. ਏ. ਕਰਦਿਆਂ ਸਾਰੇ ਦਾ ਸਾਰਾ ਨਾਟ-ਸਾਹਿਤ ਅਤੇ ਉਸ ਤੇ ਹੋਈ ਆਲੋਚਨਾ ਪੜ੍ਹਨ ਦਾ ਅਵਸਰ ਮਿਲਿਆ। ਕੀਨੀਆ ਵਿੱਚ ਆਧਿਆਪਕੀ ਕਰਦਿਆਂ ਸ਼ੈਕਸਪੀਅਰ, ਬਰਨਾਰਡ ਸ਼ਾਅ, ਇਬਸਨ ਆਦਿ ਪੜ੍ਹਾਏ। ਇੰਗਲੈਂਡ, ਫਰਾਂਸ ਘੁੰਮਦਿਆਂ ਸਟੇਜ ਪ੍ਰੋਡਕਸ਼ਨ ਵੇਖਣ ਦਾ ਮੌਕਾ ਮਿਲਿਆ। ਕਈ ਪੱਛਮੀ ਤੇ ਅਫ਼ਰੀਕਨ ਨਾਟਕਕਾਰਾਂ ਦੇ ਨਾਟਕ ਪੜ੍ਹਨ ਦਾ ਵੀ ਸਮਾਂ ਮਿਲਿਆ। ਕੀਨੀਆ ਰਹਿੰਦਿਆਂ ਹੀ ਰਵਿੰਦਰ ਰਵੀ ਨੇ ਆਪਣਾ ਪਹਿਲਾ ਕਾਵਿ-ਨਾਟਕ "ਬੀਮਾਰ ਸਦੀ" ਲਿਖਿਆ, ਜਿਸ ਵਿੱਚ ਉਨ੍ਹਾਂ ਨੇ ਮਨੁੱਖਤਾ ਨੂੰ ਮਸ਼ੀਨੀ ਸੱਭਿਅਤਾ ਤੇ ਡਰੱਗ ਕਲਚਰ ਦੇ ਖਤਰਿਆਂ ਤੋਂ ਸੁਚੇਤ ਕਰਨ ਦਾ ਯਤਨ ਕੀਤਾ ਤੇ ਅਖ਼ੀਰ ਵਿੱਚ 'ਔਰਤ' ਪਾਤਰ ਤੋਂ 'ਮਰਦ' ਵੱਲ ਇਸ਼ਾਰਾ ਕਰ ਕੇ ਪ੍ਰਸ਼ਨ ਖੜਾ ਕਰ ਦਿੱਤਾ :-



"ਇਹ ਕਹੇ ਸਦੀ ਬੀਮਾਰ ਬੜੀ
ਮੈਂ ਸਮਝਾਂ ਦਿਲਕਸ਼ ਸੁਹਜ ਭਰੀ
ਕੀ ਇਸ ਦੀ ਅੱਖ ਯਰਕਾਨੀ ਹੈ ?
ਜਾਂ ਦੁਨੀਆਂ ਦਾ ਰੰਗ ਪੀਲਾ ਹੈ ?"

1974 ਵਿੱਚ 'ਬੀਮਾਰ ਸਦੀ' ਕਾਵਿ-ਨਾਟਕ ਆਉਣ ਤੋਂ ਬਾਅਦ ਲੇਖਕ ਕੈਨੇਡਾ ਆ ਗਿਆ। ਕਈ ਦੇਸ਼ਾਂ ਦਾ ਰਟਨ ਕਰਦਿਆਂ ਉਥੋਂ ਦੇ ਨਾਟਕ ਤੇ ਰੰਗਮੰਚ ਵੇਖਦਿਆਂ ਲੇਖਕ ਨੂੰ ਨਵੇਂ ਜੀਵਨ ਅਨੁਭਵ ਅਤੇ ਅਧਿਐਨ ਅਨੁਭਵ ਹੋਏ, ਸਾਹਿਤਕ ਖੇਤਰ ਵਿੱਚ ਉੱਚੀਆਂ ਪੁਲਾਂਘਾਂ ਪੁੱਟਦੇ ਹੋਏ ਕਵਿਤਾ, ਕਹਾਣੀ, ਸਫਰਨਾਮਾ, ਸੰਪਾਦਨਾ, ਕਾਵਿ-ਨਾਟਕਾਂ ਵਿੱਚ ਨਿਰੰਤਰ ਵਾਧਾ ਹੁੰਦਾ ਰਿਹਾ। ਆਪਣੀ ਲੇਖਣੀ ਵਿੱਚ ਆਧੁਨਿਕਤਾ ਤੇ ਨਵੀਨਤਾ ਭਰਪੂਰ ਪ੍ਰਯੋਗ ਕਰਦੇ ਨਵੀਂ ਪੀੜ੍ਹੀ ਦੇ ਸਾਹਿਤਕ ਪ੍ਰੇਮੀਆਂ ਲਈ ਇੱਕ ਪ੍ਰੇਰਨਾ ਸ੍ਰੋਤ ਬਣੇ ਹਨ।

ਇਸ ਨਵ-ਪ੍ਰਕਾਸ਼ਿਤ ਪੁਸਤਕ "ਮੇਰਾ ਕਾਵਿ-ਨਾਟਕੀ ਰੰਗਮੰਚ : ਇਤਿਹਾਸਕ ਸਿਧਾਂਤਕ ਤੇ ਤਕਨੀਕੀ ਪਰਿਪੇਖ" ਬਾਰੇ ਲੇਖਕ ਦੇ ਆਪਣੇ ਸ਼ਬਦਾਂ ਵਿੱਚ : "ਮੇਰਾ ਕਾਵਿ-ਨਾਟਕੀ ਰੰਗਮੰਚ : ਇਤਿਹਾਸਕ ਸਿਧਾਂਤਕ ਤੇ ਤਕਨੀਕੀ ਪਰਿਪੇਖ" ਪੰਜਾਬੀ ਸਾਹਿਤ ਵਿੱਚ ਆਪਣੀ ਕਿਸਮ ਦੀ ਪਹਿਲੀ ਤੇ ਨਿਵੇਕਲੀ ਪੁਸਤਕ ਹੈ। ਇਹ ਪੁਸਤਕ ਜਿੱਥੇ ਵਿਸ਼ਵ ਕਾਵਿ-ਨਾਟਕ ਦੇ ਆਰੰਭਕ ਇਤਿਹਾਸ ਦੇ ਪ੍ਰਸੰਗ ਵਿੱਚ, ਭਾਰਤੀ ਪੰਜਾਬੀ ਕਾਵਿ-ਨਾਟਕ ਅਤੇ ਪਰਵਾਸੀ ਪੰਜਾਬੀ ਕਾਵਿ-ਨਾਟਕ ਦਾ ਇਤਿਹਾਸੀਕਰਨ ਕਰਦੀ ਹੈ, ਉੱਥੇ ਕਾਵਿ-ਨਾਟਕ ਦੇ ਸਿਧਾਂਤਕ ਤੇ ਤਕਨੀਕੀ ਪਹਿਲੂਆਂ ਉੱਤੇ ਵੀ ਚਰਚਾ ਛੇੜਦੀ ਹੈ।" ਲੇਖਕ ਨੇ ਇਸ ਗੱਲ ਵਲ ਸਾਡਾ ਧਿਆਨ ਦੁਆਇਆ ਹੈ ਕਿ ਪੰਜਾਬੀ ਕਾਵਿ-ਨਾਟਕ ਬਾਰੇ ਟਕਸਾਲੀ ਜਾਣਕਾਰੀ ਦੇਣ ਵਾਲੀ ਇੱਕ ਵੀ ਪੁਸਤਕ ਪ੍ਰਾਪਤ ਨਹੀਂ। ਸੋ ਉਨ੍ਹਾਂ ਨੇ ਇਸ ਦੀ ਜ਼ਰੂਰਤ ਨੂੰ ਮਹਿਸੂਸ ਕਰਦਿਆਂ ਅੱਜ ਪੰਜਾਬੀ ਸਾਹਿਤ ਵਿੱਚ ਇੱਕ ਵੱਡਮੁੱਲਾ ਯੋਗਦਾਨ ਪਾਇਆ ਹੈ।

ਇਤਿਹਾਸਕ ਪਰਿਪੇਖ ਵਿੱਚ ਲੇਖਕ ਵਿਸ਼ਵ ਕਾਵਿ-ਨਾਟਕ ਦਾ ਆਰੰਭ ਤੇ ਪੰਛੀ-ਝਾਤ ਮਾਰਦਿਆਂ ਲਿਖਦੇ ਹਨ ਕਿ ਕਾਵਿ-ਨਾਟਕ ਦਾ ਆਰੰਭ ਅਸਕਾਈਲਸ, ਸੋਫੋਕਲੀਜ਼ ਅਤੇ ਯੂਰੀਪੀਡੀਜ਼ ਦੇ ਯੂਨਾਨੀ ਦੁਖਾਂਤ ਕਾਵਿ-ਨਾਟਕਾਂ ਤੋਂ ਹੋਇਆ; ਜਿਨ੍ਹਾਂ ਦਾ ਸਮਾਂ ਪੂਰਵ-ਈਸਾ-ਕਾਲ ਦੀ ਪੰਜਵੀਂ, ਛੇਵੀਂ ਸਦੀ ਦੇ ਦੁਆਲੇ ਮੰਨਿਆ ਜਾਂਦਾ ਹੈ। ਉਨ੍ਹਾਂ ਦੇ ਨਾਟਕਾਂ ਦਾ ਵੇਰਵਾ ਦਿੰਦੇ ਹੋਏ ਇਹ ਵੀ ਦੱਸਦੇ ਹਨ ਕਿ ਇਨ੍ਹਾਂ ਰਚਨਾਵਾਂ ਵਿੱਚ ਕੋਰਸ ਜਾਂ ਸਮੂਹ ਗਾਇਨ, ਪ੍ਰਗੀਤ ਤੇ ਨ੍ਰਿਤ ਦੇ ਪ੍ਰਯੋਗ ਤੋਂ ਬਿਨਾਂ ਇਤਿਹਾਸ ਤੇ ਮਿਥਿਹਾਸ ਦੀ ਵਰਤੋਂ ਵੀ ਕੀਤੀ ਗਈ ਹੈ। ਇਸ ਦੇ ਨਾਲ ਹੀ ਭਾਰਤ ਵਿੱਚ ਵੀ ਸੰਸਕ੍ਰਿਤ ਭਾਸ਼ਾ ਵਿੱਚ ਕਾਲੀਦਾਸ

ਦੇ, ਜਿਸ ਦਾ ਸਮਾਂ 380 ਤੋਂ 415 ਉੱਤਰ ਈਸਾ-ਕਾਲ ਮੰਨਿਆ ਜਾਂਦਾ ਹੈ, ਨਾਟਕ 'ਕੁਮਾਰ ਸੰਭਵ', 'ਮੇਘਦੂਤ' ਤੇ 'ਰਘੂਵਮਸਾ' ਕਾਵਿ-ਨਾਟਕਾਂ ਨਾਲ ਮੁੱਢ ਬੱਝਾ। ਜ਼ਿਆਦਾਤਰ ਕਾਵਿ-ਨਾਟਕ ਅੰਗਰਜ਼ੀ ਵਿੱਚ ਵਿਲੀਅਮ ਸ਼ੈਕਸਪੀਅਰ ਨੇ ਲਿਖੇ, ਜਿਸ ਨੂੰ ਗੁਣਾਤਮਿਕ ਤੇ ਗਿਣਾਤਮਿਕ ਪੱਖੋਂ ਕਾਵਿ-ਨਾਟਕਾਂ ਦਾ ਬੇਤਾਜ ਬਾਦਸ਼ਾਹ ਮੰਨਿਆ ਜਾਂਦਾ ਹੈ। ਇਸੇ ਤਰ੍ਹਾਂ ਲੇਖਕ ਨੇ ਇੰਟਰਨੈਟ ਦੇ ਸੋਰਸ ਨੂੰ ਲੈ ਕੇ ਕਈ ਨਾਟਕਕਾਰਾਂ ਦੇ ਨਾਮ ਲਿਖੇ ਹਨ, ਜਿਨ੍ਹਾਂ ਦੇ ਕਾਵਿ-ਨਾਟਕ ਸਫਲਤਾ ਸਹਿਤ ਖੇਡੇ ਗਏ। ਉਦਾਹਰਣ ਦੇ ਤੌਰ ਤੇ : ਬੈਨ ਜਾਨਸਨ, ਜਾਨ ਫਲੈਚਰ, ਡਬਲਿਊ.ਬੀ. ਯੀਟਸ, ਗੋਲਡ ਸਮਿੱਥ, ਟੀ.ਐਸ. ਇਲੀਅਟ, ਕਰਿਸਟੋਫਰ ਫਰਾਈ, ਹੈਰਲਡ ਪਿੰਟਰ ਆਦਿ। ਨਾਲ ਹੀ ਇਹ ਵੀ ਜਾਣਕਾਰੀ ਦੇਂਦੇ ਹਨ ਕਿ ਵੀਹਵੀਂ ਸਦੀ ਦੇ ਅੱਧ ਤੋਂ, ਪੱਛਮ ਵਿੱਚ ਕਾਵਿ-ਨਾਟਕ ਵੱਲ ਨਾਟਕਕਾਰਾਂ ਦੀ ਰੁਚੀ ਘੱਟਣ ਲੱਗ ਪੈਂਦੀ ਹੈ ਤੇ ਵਾਰਤਕ ਨਾਟਕਾਂ ਦਾ ਬੋਲਬਾਲਾ ਸ਼ੁਰੂ ਹੋ ਜਾਂਦਾ ਹੈ। ਇੰਗਲੈਂਡ ਦੇ ਰੋਮਾਂਟਿਕ ਕਵੀਆਂ : ਵਰਡਜ਼ਵਰਥ, ਕੋਲਰਿਜ਼, ਬਾਇਰਨ, ਸ਼ੈਲੀ ਤੇ ਕੀਟਸ ਨੇ ਵੀ ਕਾਵਿ-ਨਾਟਕ ਲਿਖੇ ਹਨ। ਇਸ ਭਾਗ ਵਿੱਚ ਲੇਖਕ ਨੇ ਇਹ ਵੀ ਦੱਸਿਆ ਹੈ ਕਿ ਬੰਗਾਲੀ ਭਾਸ਼ਾ ਵਿੱਚ ਰਾਬਿੰਦਰ ਨਾਥ ਟੈਗੋਰ ਨੇ ਆਪਣਾ ਓਪੇਰਾ/ਕਾਵਿ-ਨਾਟਕ 'ਵਾਲਮੀਕੀ ਪ੍ਰਤਿਭਾ' (1881) ਵਿੱਚ ਲਿਖਿਆ ਤੇ ਰੰਗਮੰਚ ਉੱਤੇ ਖੇਡਿਆ। ਇਸ ਪੇਸ਼ਕਾਰੀ ਵਿੱਚ ਟੈਗੋਰ ਨੇ 20 ਸਾਲ ਦੀ ਉਮਰ ਵਿੱਚ ਵਾਲਮੀਕੀ ਦੀ ਮੁੱਖ ਭੂਮਿਕਾ ਨਿਭਾਈ। ਯੂਨਾਨੀ ਭਾਸ਼ਾ ਵਿੱਚ ਕਾਵਿ-ਨਾਟਕ ਦੀ ਰਚਨਾ ਅੱਜ ਤੋਂ ਲਗਭਗ ਚੌਵੀ ਪੰਝੀ ਸੌ ਸਾਲ ਪਹਿਲਾਂ, ਸੰਸਕ੍ਰਿਤ ਵਿੱਚ ਦੋ ਕੁ ਹਜ਼ਾਰ ਸਾਲ ਪਹਿਲਾਂ ਅਤੇ ਅੰਗਰੇਜ਼ੀ ਵਿੱਚ ਸਾਢੇ ਚਾਰ ਸੌ ਸਾਲ ਪਹਿਲਾਂ ਹੋਈ ਜਦ ਕਿ ਪੰਜਾਬੀ ਬੋਲੀ ਵਿੱਚ ਪਹਿਲਾ ਕਾਵਿ-ਨਾਟਕ ਅੱਜ ਤੋਂ ਕੇਵਲ 63 ਸਾਲ ਪਹਿਲਾਂ 1954 ਵਿੱਚ ਲਿਖਿਆ ਗਿਆ।

"ਭਾਰਤੀ ਪੰਜਾਬੀ ਕਾਵਿ-ਨਾਟਕ : ਇਤਿਹਾਸਕ ਪਰਿਪੇਖ" :- ਇਸ ਭਾਗ ਵਿੱਚ ਲੇਖਕ ਨੇ ਲਿਖਿਆ ਹੈ ਕਿ ਪੰਜਾਬੀ ਕਾਵਿ-ਨਾਟਕ ਨੂੰ ਪੰਜਾਬੀ ਰੰਗਮੰਚ ਨੇ ਪੂਰੇ ਦਿਲ ਨਾਲ ਨਹੀਂ ਅਪਨਾਇਆ, ਸ਼ਾਇਦ ਇਸ ਲਈ ਕਿ ਕਾਵਿ-ਨਾਟਕ ਖੇਡਣਾ ਔਖਾ ਹੈ, ਕਿਉਂਕਿ ਇਸ ਦੀ ਮੰਚ ਉੱਤੇ ਪੇਸ਼ਕਾਰੀ ਲਈ ਕਾਵਿ-ਬਿੰਬਾਂ ਨੂੰ ਕਈ ਦਰਸ਼ਨੀ ਪ੍ਰਭਾਵਾਂ, ਸਿਨਮੈਟਿਕ/ਵੀਡੀਓ/ਟੀ.ਵੀ. ਤਕਨੀਕਾਂ, ਕੰਪਿਊਟਰੀ ਯੁਕਤੀਆਂ, ਜ਼ਿੰਦਾ ਜਾਂ ਮੋਬਾਈਲ ਰੂਪ ਵਿੱਚ ਸਾਕਾਰ ਕਰਨਾ ਹੁੰਦਾ ਹੈ। ਪੰਜਾਬੀ ਨਾਟ-ਜਗਤ ਵਿੱਚ ਪ੍ਰੋਫੈਸ਼ਨਲ ਥੀਏਟਰ ਪੂਰੀ ਤਰ੍ਹਾਂ ਪ੍ਰਚਲਿਤ ਨਹੀਂ ਹੋ ਸਕਿਆ। ਇਸੇ ਭਾਗ ਵਿੱਚ ਲੇਖਕ ਨੇ ਪੰਜਾਬੀ ਰੰਗਮੰਚ ਤੇ ਲਿਖਣ ਵਾਲਿਆਂ ਬਾਰੇ ਵੀ ਕਿਹਾ ਹੈ ਕਿ ਉਹ ਆਪ ਹੀ ਨਾਟਕ ਖੇਡਦੇ ਰਹੇ ਹਨ। ਸ਼ਾਇਦ ਇਸੇ ਕਰਕੇ ਪ੍ਰੋਫੈਸ਼ਨਲ ਥੀਏਟਰ ਦੀ ਸਥਾਪਨਾ ਨਹੀਂ ਹੋ ਸਕੀ। ਨਾਟਕ ਦੀ ਪਰੰਪਰਾ ਦਾ ਮੋਢੀ ਆਈ.ਸੀ. ਨੰਦਾ ਹੀ ਸੀ, ਉਸ ਤੋਂ ਬਾਅਦ ਡਾ.



ਹਰਚਰਨ ਸਿੰਘ, ਬਲਵੰਤ ਗਾਰਗੀ, ਡਾ. ਸੁਰਜੀਤ ਸਿੰਘ ਸੇਠੀ, ਕਪੂਰ ਸਿੰਘ ਘੁੰਮਣ, ਗੁਰਦਿਆਲ ਸਿੰਘ ਫੁੱਲ, ਗੁਰਸ਼ਰਨ ਸਿੰਘ, ਚਰਨ ਦਾਸ ਸਿੱਧੂ, ਅਜਮੇਰ ਔਲਖ, ਆਤਮਜੀਤ, ਡਾ. ਸਾਹਿਬ ਸਿੰਘ, ਕੇਵਲ ਧਾਲੀਵਾਲ ਆਦਿ ਹੋਰ ਰੰਗਕਰਮੀ ਇਸੇ ਪਰੰਪਰਾ ਦਾ ਵਿਸਥਾਰ ਹਨ। ਪੰਜਾਬੀ ਗੱਦ ਨਾਟਕ ਜ਼ਿਆਦਾ ਲਿਖੇ ਗਏ ਪਰ ਪੰਜਾਬੀ ਕਾਵਿ-ਨਾਟਕ ਬਹੁਤ ਬਾਅਦ ਵਿੱਚ ਲਿਖੇ ਗਏ। ਜ਼ਿਆਦਾਤਰ ਕਾਵਿ-ਨਾਟਕ ਰੰਗਮੰਚ ਦੇ ਅਨੁਕੂਲ ਵੀ ਨਹੀਂ ਸਨ। ਕੁਝ ਤਾਂ ਕੇਵਲ ਤੁਕਬੰਦੀ ਹੀ ਹੁੰਦੇ ਹਨ। ਇਸ ਭਾਗ ਵਿੱਚ ਲੇਖਕ ਦਾ ਮੁੱਖ ਮੰਤਵ ਨਾਟਕਾਂ ਦੇ ਇਤਿਹਾਸ ਦਾ ਮੁਲਾਂਕਣ-ਵਿਸ਼ਲੇਸ਼ਣ, ਮੁੱਢਲੇ ਹਵਾਲੇ ਇਕੱਤਰ ਕਰਕੇ ਭਵਿੱਖ ਵਿੱਚ ਇਸ ਸਾਹਿਤ ਦੇ ਰੂਪ ਉੱਤੇ ਖੋਜ ਵਿੱਦਿਆਰਥੀਆਂ ਲਈ ਤੇ ਗੰਭੀਰ ਪਾਠਕਾਂ ਲਈ ਸਮੱਗਰੀ ਤਿਆਰ ਕਰਨਾ ਹੈ। ਇਥੇ ਇਨ੍ਹਾਂ ਨੇ ਭਾਰਤੀ ਪੰਜਾਬੀ ਕਾਵਿ-ਨਾਟਕਾਂ ਦੀ ਸੂਚੀ ਵਿੱਚ ਗਿਆਨੀ ਦਿੱਤ ਸਿੰਘ ਦਾ 'ਸੁਪਨ ਨਾਟਕ', ਬਾਵਾ ਬੁੱਧ ਸਿੰਘ ਦਾ 'ਚੰਦਰ ਹਰੀ' ਤੇ ਭਾਈ ਵੀਰ ਸਿੰਘ ਦਾ 'ਰਾਜਾ ਲੱਖਦਾਤਾ ਸਿੰਘ' ਦਾ ਜ਼ਿਕਰ ਕੀਤਾ ਹੈ। ਇਹ ਲੰਮੇਰੀਆਂ ਕਾਵਿ-ਨਾਟਕੀ ਰਚਨਾਵਾਂ ਹਨ, ਪਰ ਕਿਤੇ ਕਿਤੇ ਸੰਵਾਦਾਂ ਦੀ ਘਾਟ, ਕਿਤੇ ਲੋੜ ਤੋਂ ਵੱਧ ਖਿੰਡਾਉ, ਤੇ ਕਿਤੇ ਨਾਟਕੀ ਤੱਤਾਂ ਦੀ ਘਾਟ ਤੇ ਰੰਗਮੰਚ ਦੇ ਅਨੁਕੂਲ ਨਹੀਂ ਸਨ। ਸੰਤ ਸਿੰਘ ਸੇਖੋਂ ਦਾ 'ਬਾਬਾ ਬੋਹੜ' ਤੇ 'ਵਿਆਹੁਲੀ' ਵੀ ਕਾਵਿ-ਸੰਵਾਦ ਹੀ ਹਨ। ਆਧੁਨਿਕ ਭਾਰਤੀ ਪੰਜਾਬੀ ਕਾਵਿ-ਨਾਟਕ ਦਾ ਮੁੱਢ ਕਰਤਾਰ ਸਿੰਘ ਦੁੱਗਲ ਦੇ 1954 ਵਿੱਚ ਪ੍ਰਕਾਸ਼ਿਤ ਹੋਏ ਕਾਵਿ-ਨਾਟਕ 'ਪੁਰਾਣੀਆਂ ਬੋਤਲਾਂ' ਨਾਲ ਬੱਝਾ ਸਮਝਿਆ ਜਾਂਦਾ ਹੈ। ਆਲੋਚਕਾਂ ਨੇ ਵੀ ਇਸ ਨਾਟਕ ਨੂੰ ਭਾਰਤ ਦੀ ਕਿਸੇ ਵੀ ਭਾਸ਼ਾ ਵਿੱਚ ਮਾਣ ਵਾਲੀ ਰਚਨਾ ਮੰਨਿਆ ਹੈ। 1957 ਵਿੱਚ ਗੁਰਦਿਆਲ ਸਿੰਘ ਖੋਸਲਾ ਨੇ ਇਸ ਨਾਟਕ ਦਾ ਪੰਜਾਬੀ ਥੀਏਟਰ ਦਿੱਲੀ ਵੱਲੋਂ ਮੰਚਨ ਕੀਤਾ। ਪੰਜਾਬੀ ਵਿੱਚ ਯੂਨਾਨੀ ਕਾਵਿ-ਨਾਟਕ ਦਾ ਇੱਕ ਇੱਕ ਅਨੁਵਾਦ ਮੋਹਨ ਸਿੰਘ ਤੇ ਪ੍ਰਭਜੋਤ ਕੌਰ ਵੱਲੋਂ ਮਿਲਦੇ ਹਨ। ਲੇਖਕ ਨੇ ਇਸ ਭਾਗ ਵਿੱਚ ਧਿਆਨਯੋਗ ਨੁਕਤੇ ਤੇ ਹੋਰ ਪੁਸਤਕਾਂ ਦੇ ਸੋਮੇਂ ਦੱਸ ਕੇ ਆਉਣ ਵਾਲੇ ਪਾਠਕਾਂ ਲਈ ਸੂਚੀ ਤਿਆਰ ਕਰ ਦਿੱਤੀ ਹੈ, ਪਰ ਇਸ ਵਿਸ਼ੇ ਤੇ ਹੋਰ ਕੰਮ ਕਰਨ ਲਈ ਸੁਝਾਅ ਹੈ।

## ਪਰਵਾਸੀ ਪੰਜਾਬੀ ਕਾਵਿ-ਨਾਟਕ ਦਾ ਇਤਿਹਾਸਕ ਪਰਿਪੇਖ :

ਪਰਵਾਸੀ ਪੰਜਾਬੀ ਕਾਵਿ-ਨਾਟਕ ਦਾ ਮੁੱਢ, ਰਵਿੰਦਰ ਰਵੀ ਦੇ ਕਾਵਿ-ਨਾਟਕ 'ਬੀਮਾਰ ਸਦੀ' ਨਾਲ ਬੱਝਦਾ ਹੈ ਜੋ ਉਨ੍ਹਾਂ ਨੇ ਕੀਨੀਆਂ ਵਿੱਚ 1973 ਵਿੱਚ ਲਿਖਿਆ ਤੇ 1974 ਵਿੱਚ ਪ੍ਰਕਾਸ਼ਿਤ ਹੋਇਆ। 1976 ਵਿੱਚ ਨਾਮਵਰ ਰੰਗਕਰਮੀ ਡਾਕਟਰ ਸੁਰਜੀਤ ਸਿੰਘ ਸੇਠੀ ਦੇ ਨਿਰਦੇਸ਼ਨ ਹੇਠ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿੱਚ ਖੇਡਿਆ ਗਿਆ। 1974 ਤੋਂ 2017 ਤੱਕ 43

ਸਾਲਾਂ ਦੇ ਦੌਰਾਨ 7 ਪਰਵਾਸੀ ਨਾਟਕਕਾਰਾਂ ਦੁਆਰਾ ਲਿਖੇ 35 ਪਰਵਾਸੀ ਕਾਵਿ-ਨਾਟਕ ਛਪੇ ਹਨ। ਚਾਰ ਪਰਵਾਸੀ ਕਾਵਿ-ਨਾਟਕਾਰ : ਰਵਿੰਦਰ ਰਵੀ, ਇਕਬਾਲ ਰਾਮੂਵਾਲੀਆ, ਮਨਜੀਤ ਮੀਤ ਤੇ ਮੰਗ ਬਾਸੀ ਕੈਨੇਡਾ ਦੇ—ਇੱਕ ਡਾ. ਗੁਰੂਮੇਲ ਸਿੱਧੂ ਅਮਰੀਕਾ ਦਾ—ਇੱਕ ਜਗਤਾਰ ਢਾਅ ਇੰਗਲੈਂਡ ਦਾ ਅਤੇ ਇੱਕ ਅਜਾਇਬ ਕਮਲ ਕੀਨੀਆਂ ਦਾ।

ਰਵਿੰਦਰ ਰਵੀ ਨੇ 16 ਕਾਵਿ-ਨਾਟਕ ਲਿਖੇ ਜਿਨ੍ਹਾਂ ਵਿੱਚੋਂ 14 ਕਾਵਿ-ਨਾਟਕ ਨਾਮਵਰ ਭਾਰਤੀ ਰੰਗਕਰਮੀਆਂ ਦੇ ਨਿਰਦੇਸ਼ਨ ਹੇਠਾਂ ਖੇਡੇ ਜਾ ਚੁੱਕੇ ਹਨ। ਅਜਾਇਬ ਕਮਲ ਨੇ 14 ਕਾਵਿ-ਨਾਟਕ ਲਿਖੇ ਪਰ ਕੋਈ ਵੀ ਕਾਵਿ-ਨਾਟਕ ਮੰਚਤ ਨਹੀਂ ਹੋਇਆ। ਬੇਸ਼ੱਕ ਉਸ ਨੇ ਵਸਤੂ, ਰੂਪ ਤੇ ਸ਼ੈਲੀ ਵਿੱਚ ਨਵੇਂ ਨਵੇਂ ਪ੍ਰਯੋਗ ਕੀਤੇ ਹਨ। ਪਰ ਲੇਖਕ ਨੂੰ ਆਸ ਹੈ ਕਿ ਸਮੇਂ ਦੇ ਬੀਤਣ ਨਾਲ ਕੋਈ ਸਮਰੱਥ ਨਿਰਦੇਸ਼ਕ ਅਜਾਇਬ ਕਮਲ ਦੇ ਕਾਵਿ-ਨਾਟਕਾਂ ਦਾ ਮੰਚਨ ਕਰੇਗਾ।

ਜਗਤਾਰ ਢਾਅ ਦਾ 'ਇੱਕ ਸੁਪਨਾ ਮੱਛਲੀ ਦਾ' ਸਿਰਫ ਨਾਟਕੀ ਕਵਿਤਾ ਹੈ, ਰੰਗਮੰਚ ਦੀ ਘਾਟ ਹੈ।

ਡਾ. ਗੁਰੂਮੇਲ ਸਿੱਧੂ ਦਾ 'ਟੈਸਟ ਟਿਊਬ ਬੇਬੀ' ਇੱਕ ਮਿੰਨੀ ਕਾਵਿ-ਨਾਟ ਹੈ।

ਇਕਬਾਲ ਰਾਮੂਵਾਲੀਆ ਦਾ 'ਪਲੰਘ-ਪੰਘੂੜਾ' ਪੂਰਨ ਭਗਤ ਦੀ ਕਥਾ ਨੂੰ ਨਵੇਂ ਅਰਥ ਦਿੰਦਾ ਹੈ। ਔਰਤ ਮਰਦ ਦੇ ਰਿਸ਼ਤਿਆਂ ਦੀਆਂ ਸੂਖਮ ਤੰਦਾਂ ਨੂੰ ਕਾਵਿ-ਬੱਧ ਕਰਦਾ ਹੋਇਆ ਰੂਪ ਹੈ।

ਮਨਜੀਤ ਮੀਤ ਦਾ 'ਅਧੂਰੇ ਪੈਗੰਬਰ' ਅਜੋਕੇ ਮਾਨਵ ਜੀਵਨ ਦੇ ਸਗਲੇ ਸੰਤਾਪ ਨੂੰ ਕਾਵਿ-ਨਾਟਕੀ ਅੰਦਾਜ਼ ਵਿੱਚ ਪੇਸ਼ ਕਰਦਾ ਹੈ।

ਮੰਗਾ ਬਾਸੀ ਦਾ 'ਧਰਤ ਕਰੇ ਅਰਜ਼ੋਈ' ਵਿਸ਼ਵ ਪੱਧਰ ਉਤੇ ਪ੍ਰਦੂਸ਼ਿਤ ਹੋ ਰਹੇ ਪ੍ਰਾਕਿਰਤਕ ਵਾਤਾਵਰਣ ਅਤੇ ਗਲੋਬਲ ਵਾਰਮਿੰਗ ਦੇ ਮਾਰੂ ਪ੍ਰਭਾਵਾਂ ਨੂੰ ਆਪਣੀ ਕਾਵਿ-ਚੇਤਨਾ ਦਾ ਸਰੋਕਾਰ ਬਣਾਉਂਦਾ ਹੈ।

ਅਗਲਾ ਭਾਗ : "ਮੇਰਾ ਕਾਵਿ-ਨਾਟਕੀ ਰੰਗਮੰਚ ਦਾ ਸਿਧਾਂਤਕ ਤੇ ਤਕਨੀਕੀ ਪਰਿਪੇਖ ਹੈ।"

ਕਾਵਿ-ਨਾਟਕ, ਕਾਵਿ ਤੇ ਨਾਟਕ ਦਾ ਸੁਮੇਲ ਹੈ। ਇਸ ਦੀ ਅਸਲੀ ਤੇ ਨਿਰਣਾਜਨਕ ਕਸੌਟੀ ਰੰਗਮੰਚ ਹੈ। ਕਾਵਿ-ਨਾਟਕ ਦੇ ਸਿਧਾਂਤ ਤੇ ਤਕਨੀਕ ਬਾਰੇ ਲਿਖਦੇ ਹਨ ਕਿ ਉਨ੍ਹਾਂ ਦੇ ਕਾਵਿ-ਨਾਟਕਾਂ ਵਿੱਚ ਦੋਵੇਂ ਨਾਲ ਨਾਲ ਵਿਕਸਿਤ ਹੁੰਦੇ ਹਨ। ਕਿਸੇ ਵੀ ਕਾਵਿ-ਨਾਟਕ ਨੂੰ ਪ੍ਰਸੰਗਕ ਰੂਪ ਵਿੱਚ ਸਮਝਣ ਲਈ ਉਸ ਦੀ ਭੂਮਿਕਾ ਪੜ੍ਹਨੀ ਜ਼ਰੂਰੀ ਹੁੰਦੀ ਹੈ। ਭੂਮਿਕਾਵਾਂ ਹਰ ਨਾਟਕ ਵਿਸ਼ੇਸ਼ ਦੇ ਥੀਮ, ਵਸਤੂ, ਨਾਟਕੀ ਕਾਰਜ, ਤਕਨੀਕ, ਬਣਤਰ, ਮੰਚ-ਸੱਜਾ, ਵੇਸ-ਭੂਸ਼ਾ, ਰੌਸ਼ਨੀ,



ਧੁਨੀ-ਪ੍ਰਭਾਵਾਂ, ਦਰਸ਼ਨੀ ਪ੍ਰਭਾਵਾਂ, ਕੰਪਿਊਟਰੀ ਜੁਗਤਾਂ, ਸਿਨਮੈਟਿਕ ਵਿਧੀਆਂ ਅਤੇ ਸੰਗੀਤ ਤੇ ਪ੍ਰਗੀਤ ਦੇ ਪ੍ਰਸਤੁਤੀਕਰਨ ਲਈ ਦਿਸ਼ਾ ਨਿਰਦੇਸ਼ ਪ੍ਰਸਤੁਤ ਕਰਦੀਆਂ ਹਨ। ਲੇਖਕ ਦੀ ਖੂਬੀ ਹੈ ਕਿ ਉਹ ਆਪਣੇ ਕਾਵਿ-ਨਾਟਕਾਂ ਨੂੰ ਰੰਗਮੰਚ ਦੇ ਅਨੁਕੂਲ ਚਿਤਵਦਾ ਵੀ ਹੈ, ਸਿਰਜਦਾ ਵੀ ਤੇ ਰੰਗਮੰਚ ਦੀ ਭਾਸ਼ਾ ਵਿੱਚ ਲਿਖਦਾ ਵੀ ਹੈ।

ਵਾਰਤਾਲਾਪਾਂ ਦੀ ਅਦਾਇਗੀ ਕਾਵਿ-ਨਾਟਕੀ ਢੰਗ ਨਾਲ ਹੋਣੀ ਲਾਜ਼ਮੀ ਹੁੰਦੀ ਹੈ। ਸਿਧਾਂਤ ਤੇ ਤਕਨੀਕ ਨੂੰ ਮੁੱਖ ਰੱਖ ਕੇ ਲੇਖਕ ਲਿਖਦਾ ਹੈ ਕਿ ਇੱਕ ਕਾਵਿ-ਨਾਟਕ ਨੂੰ ਰੰਗਮੰਚ ਤੇ ਪੇਸ਼ ਕਰਨ ਲਈ ਇੱਕ ਮੰਝੇ ਹੋਏ, ਪਾਰਦਰਸ਼ੀ ਤੇ ਸੁਸਿਖਿਅਤ ਨਿਰਦੇਸ਼ਕ ਦੀ ਲੋੜ ਹੁੰਦੀ ਹੈ ਜੋ ਕਾਵਿ ਦੇ ਬਿੰਬ, ਪ੍ਰਤੀਕ, ਅਲੰਕਾਰ, ਦ੍ਰਿਸ਼ਟਾਂਤ ਅਤੇ ਵਿਅੰਗ ਦਾ ਸਹੀ ਤਰੀਕੇ ਨਾਲ ਰੂਪਾਂਤਰ ਕਰ ਸਕੇ। ਢੁੱਕਵੇਂ ਦਰਸ਼ਨੀ ਪ੍ਰਭਾਵ, ਚਲਚਿੱਤਰ, ਪ੍ਰੋਜੈਕਟਰ ਸਲਾਇਡਾਂ ਜਾਂ ਸਲਾਈਡ ਸ਼ੋ, ਰੋਟੇਟਿੰਗ ਚਿਤਰਪਟ, ਗੀਤ ਸੰਗੀਤ ਅਤੇ ਪ੍ਰਤੀਧੁਨੀਆਂ ਨਾਲ ਕਾਵਿ-ਨਾਟਕੀ ਪੇਸ਼ਕਾਰੀ ਕਰ ਸਕੇ।

ਲੇਖਕ ਅਨੁਸਾਰ ਕਾਵਿ-ਨਾਟਕ ਵਿੱਚ ਆਰੰਭਕ ਨਾਟ ਦ੍ਰਿਸ਼ ਵਿੱਚ 'ਥੀਮ ਗੀਤ' ਦਾ ਵੀ ਵਿਸ਼ੇਸ਼ ਮਹੱਤਵ ਹੁੰਦਾ ਹੈ। ਇਥੇ ਲੇਖਕ ਆਪਣੇ ਹਰ ਕਾਵਿ-ਨਾਟਕ ਲਈ ਇੱਕ 'ਥੀਮ ਗੀਤ' ਪੇਸ਼ ਕਰਦੇ ਹਨ, ਚਾਹੇ ਕੋਰਸ ਵਿੱਚ ਹੋਵੇ ਜਾਂ ਕਿਸੇ ਐਕਸ਼ਨ ਗੀਤ ਵਿੱਚ ਹੋਵੇ। ਲੋਕ ਗੀਤ ਦੇ ਰੂਪਾਂ ਨੂੰ, ਜਿਵੇਂ—ਟੱਪੇ, ਜਾਗੋ, ਛੱਲਾ, ਹੀਰ, ਮਾਹੀਆ, ਬੋਲੀ ਆਦਿ ਨੂੰ ਉਨ੍ਹਾਂ ਦੀਆਂ ਧੁਨੀਆਂ ਮੁਤਾਬਕ ਵੱਖ ਵੱਖ ਕਾਵਿ-ਨਾਟਕਾਂ ਦੇ ਨਾਟਕੀ ਕਾਰਜਾਂ ਵਿੱਚ ਪੇਸ਼ ਕਰਨ ਨਾਲ ਦਰਸ਼ਕਾਂ ਵਿੱਚ ਉਤਸੁਕਤਾ ਬਣੀ ਰਹਿੰਦੀ ਹੈ ਤੇ ਉਹ ਨਾਟਕ ਦੇ ਉਦੇਸ਼ ਨਾਲ ਜੁੜੇ ਰਹਿੰਦੇ ਹਨ। ਰਵਿੰਦਰ ਰਵੀ ਜੀ ਦੇ ਕਾਵਿ-ਨਾਟਕਾਂ ਵਿੱਚ ਇਹ ਨਾਟਕੀ ਤਕਨੀਕ ਆਪਣਾ ਵਿਲੱਖਣ ਬਿੰਬ ਸਥਾਪਤ ਕਰਦੀ ਹੈ। ਇਸ ਦੀਆਂ ਉਦਾਹਰਣਾਂ ਉਨ੍ਹਾਂ ਨੇ ਇਸ ਕਿਤਾਬ ਵਿੱਚ ਦਿੱਤੀਆਂ ਹਨ। ਇਸੇ ਤਰ੍ਹਾਂ ਆਪਣੇ ਹਰ ਕਾਵਿ-ਨਾਟਕ ਵਿੱਚ ਥੀਮ ਗੀਤ ਦੀ ਸਿਰਜਨਾ ਕਰਕੇ ਦਰਸ਼ਕ ਨੂੰ ਮੰਚ ਨਾਲ ਜੋੜਦੇ ਹਨ।

ਦੂਸਰਾ ਸਿਧਾਂਤ ਤੇ ਤਕਨੀਕ ਦਾ ਪੱਖ : ਲੇਖਕ ਕਾਵਿ-ਨਾਟਕ ਦਾ ਅੰਤਿਮ ਨਾਟ-ਦ੍ਰਿਸ਼ 'ਕੋਡਾ' ਉੱਤੇ ਬਲ ਦੇਂਦਾ ਹੈ। 'ਕੋਡਾ' ਲਾਤੀਨੀ ਸ਼ਬਦ ਹੈ, ਜਿਸ ਦਾ ਅਰਥ ਹੈ ਕਨਕਲਿਊਡਿੰਗ ਪਾਰਟ, ਯਾਨੀ ਕਿ ਸਿਖਰ, ਭਰਤ ਵਾਕ ਜਾਂ ਸਿੱਟਾ। ਕਾਵਿ-ਨਾਟਕਾਂ ਦਾ ਅੰਤਿਮ ਦ੍ਰਿਸ਼ ਉਸ ਨਾਲ ਜੁੜੇ ਹੋਏ ਨਾਟਕੀ ਕਾਰਜ ਦਾ ਸਿਖਰ ਹੁੰਦਾ ਹੈ। ਇਸ ਤਕਨੀਕ ਦਾ ਉਦੇਸ਼ ਇਹ ਵੀ ਹੈ ਕਿ ਕਾਵਿ-ਨਾਟਕ ਦੇ ਸਮੁੱਚੇ ਥੀਮ ਜਾਂ ਪ੍ਰਭਾਵ ਨੂੰ ਨਿਵੇਕਲੇ ਅੰਦਾਜ਼ ਵਿੱਚ ਦਰਸ਼ਕਾਂ ਦੇ ਸਾਹਮਣੇ ਰੱਖਿਆ ਜਾ ਸਕੇ। ਇਸ ਵਿੱਚ ਸਾਰੇ ਪਾਤਰ ਵੀ ਸ਼ਾਮਲ ਹੋ ਸਕਦੇ ਹਨ ਜਾਂ

ਚੋਣਵੇਂ ਪਾਤਰ ਵੀ। ਇਹ ਕਾਵਿ-ਨਾਟਕਕਾਰ ਦੇ ਉੱਤੇ ਨਿਰਭਰ ਕਰਦਾ ਹੈ। ਇਸ ਤਕਨੀਕ ਨੂੰ ਸਮਝਣ ਲਈ ਲੇਖਕ ਨੇ ਆਪਣੇ ਕੁਝ ਕੁ ਕਾਵਿ-ਨਾਟਕਾਂ ਵਿੱਚੋਂ ਕੋਡਾ ਦੀਆਂ ਉਦਾਹਰਣਾਂ ਵੀ ਦਿੱਤੀਆਂ ਹਨ।

ਥੀਏਟਰ ਦੀ ਭਾਸ਼ਾ : ਲੇਖਕ ਦਾ ਮੰਨਣਾ ਹੈ ਕਿ ਪੰਜਾਬੀ ਵਿੱਚ ਵਧੇਰੇ ਨਾਟਕ ਥੀਏਟਰ ਦੀ ਭਾਸ਼ਾ ਵਿੱਚ ਨਹੀਂ ਲਿਖੇ ਗਏ ਜਦ ਕਿ ਇਹ ਨਾਟਕ ਦਾ ਅਹਿਮ ਅੰਗ ਹੈ। ਇਸ ਭਾਗ ਵਿੱਚ ਲੇਖਕ ਨਾਟਕਕਾਰਾਂ ਬਾਰੇ ਲਿਖਦਾ ਹੈ ਕਿ ਨਾਟਕਕਾਰਾਂ ਦਾ ਮੂਲ ਮੰਤਵ ਆਪਣੀਆਂ ਨਾਟ-ਪੁਸਤਕਾਂ ਨੂੰ ਪਾਠ-ਕ੍ਰਮ ਵਿੱਚ ਲੁਆਉਣਾ ਹੀ ਰਿਹਾ। ਨਾਟ-ਆਲੋਚਕਾਂ ਨੇ ਵੀ ਥੀਏਟਰੀ ਰਚਨਾਵਾਂ ਨੂੰ ਵੱਧਣ ਫੁੱਲਣ ਨਹੀਂ ਦਿੱਤਾ। ਲੇਖਕ ਅਨੁਸਾਰ ਨਾਟਕ ਦਾ ਮੰਚਤ ਹੋ ਸਕਣਾ ਜ਼ਰੂਰੀ ਸ਼ਰਤ ਹੈ। ਇਹ ਮੰਚਨ ਉਸ ਦੀ ਟੈਕਸਟ ਵਿੱਚ ਪ੍ਰਸਤੁਤ ਥੀਏਟਰੀ ਮੰਚਨ ਹੋਵੇ ਨਾ ਕਿ ਨਿਰਦੇਸ਼ਕ ਦੀ ਕਲਪਨਾ ਦੁਆਰਾ ਕੀਤੇ ਪੈਚਵਰਕ ਤੇ ਅਧੂਰੇ ਨੂੰ ਆਪਣੇ ਰੰਗ ਵਿੱਚ ਪੂਰਨ ਦੀ ਕਿਰਿਆ ਦਾ ਮੰਚਨ। ਇਸ ਤੋਂ ਉਲਟ ਥੀਏਟਰ ਦੀ ਭਾਸ਼ਾ ਵਿੱਚ ਲਿਖੇ ਜਾ ਰਹੇ ਆਧੁਨਿਕ ਅਜੋਕੇ ਨਾਟਕ ਹਨ ਜੋ ਪੰਜਾਬੀ ਮੰਚ ਕੋਲ ਪੇਸ਼ਾਵਰ ਤੇ ਹੋਰ ਤਕਨੀਕੀ ਸੁਵਿਧਾਵਾਂ ਦੀ ਅਣਹੋਂਦ ਕਾਰਨ ਇਸ ਸਮੇਂ ਮੰਚ ਉੱਤੇ ਪੇਸ਼ ਕਰਨੇ ਜ਼ਰਾ ਮੁਸ਼ਕਿਲ ਹਨ। ਲੇਖਕ ਇਸ ਭਾਗ ਵਿੱਚ ਗੰਭੀਰ ਪਾਠਕਾਂ ਨੂੰ ਹੱਲਾਸ਼ੇਰੀ ਦਿੰਦਿਆਂ ਸੁਝਾਅ ਦੇਂਦਾ ਹੈ ਕਿ ਅਨਾਟਕ ਨੂੰ ਨਾਟਕ ਨਾ ਸਮਝੀਏ। ਥੀਏਟਰ ਦੀ ਭਾਸ਼ਾ ਵਿੱਚ ਲਿਖੀਆਂ ਜਾ ਰਹੀਆਂ ਦਲੇਰ ਨਾਟਕੀ ਰਚਨਾਵਾਂ ਦੇ ਵਿਕਾਸ ਵਿੱਚ ਆਪਣਾ ਯੋਗਦਾਨ ਪਾਈਏ।

ਲੇਖਕ ਨੇ ਕੁਝ ਕੁ ਸੁਝਾਅ ਵੀ ਰੱਖੇ ਲੱਗਦੇ ਹਨ।

"ਪੰਜਾਬੀ ਨਾਟ-ਪ੍ਰੰਪਰਾ ਤੇ ਪੇਸ਼ਾਵਰ ਥੀਏਟਰ" : ਇਸ ਭਾਗ ਵਿੱਚ ਲੇਖਕ ਦਾ ਮੰਨਣਾ ਹੈ ਕਿ ਪੇਸ਼ਾਵਰ ਥੀਏਟਰ ਦੀ ਅਣਹੋਂਦ ਕਾਰਨ ਪੰਜਾਬੀ ਨਾਟਕ ਕਈ ਆਧੁਨਿਕ ਵਿਧੀਆਂ, ਸ਼ੈਲੀਆਂ ਤੇ ਤਕਨੀਕੀ ਪੱਖੋਂ ਪਿੱਛੇ ਰਹਿ ਰਿਹਾ ਹੈ। ਸਾਰੇ ਸਰਕਾਰੀ, ਗੈਰ ਸਰਕਾਰੀ, ਯੂਨੀਵਰਸਿਟੀਆਂ, ਭਾਸ਼ਾ ਵਿਭਾਗ, ਪੰਜਾਬ ਆਰਟਸ ਕੌਂਸਲ ਤੇ ਹੋਰ ਅਦਾਰੇ ਪੇਸ਼ਾਵਰ ਥੀਏਟਰ ਦਾ ਮੁੱਢ ਬੰਨ੍ਹ ਸਕਦੇ ਹਨ।

"ਪ੍ਰੌਢ, ਬਾਲਗਾਂ ਦਾ ਨਾਟਕ, ਬਨਾਮ ਜਣੇ ਖਣੇ ਦਾ ਨਾਟਕ" : ਮੇਰੇ ਨਾਟਕਾਂ ਦੇ ਪ੍ਰਸੰਗ ਵਿੱਚ, ਰਵਿੰਦਰ ਰਵੀ ਲਿਖਦੇ ਹਨ, ਕਿ ਪ੍ਰੌਢ ਨਾਟਕ ਵਿਸ਼ੇ ਦੇ ਪੱਖੋਂ ਗੰਭੀਰ, ਦਾਰਸ਼ਨਿਕ ਤੇ ਸੂਖਮ ਦ੍ਰਿਸ਼ਟੀ ਵਾਲੇ ਹੁੰਦੇ ਹਨ। ਇਨ੍ਹਾਂ ਲਈ ਵੀ ਤਕਨੀਕ ਦੇ ਗਿਆਨ ਦਾ ਹੋਣਾ ਜ਼ਰੂਰੀ ਹੁੰਦਾ ਹੈ ਤੇ ਨਿਰਦੇਸ਼ਕ ਵੀ ਪ੍ਰੌਢ ਹੋਣਾ ਚਾਹੀਦਾ ਹੈ। ਪ੍ਰੌਢ, ਬਾਲਗਾਂ ਦੇ ਥੀਏਟਰ ਤੇ ਜਣੇ ਖਣੇ ਦੇ ਨਾਟਕਾਂ ਨੂੰ ਅੱਜ ਦੇ ਥੀਏਟਰ ਦੇ ਸੰਸਾਰ ਵਿੱਚ ਬਰਾਬਰ ਤੁਰਨਾ ਚਾਹੀਦਾ ਹੈ। ਲੇਖਕ ਖਾਹਿਸ਼ ਵੀ ਪ੍ਰਗਟਾਉਂਦਾ ਹੈ ਕਿ ਇਲੀਟ ਦਾ ਥੀਏਟਰ ਵੀ ਪ੍ਰਫੁੱਲਤ ਹੋਵੇ।



"ਆਰਟ ਥੀਏਟਰ ਦੀ ਲੋੜ" : ਜਿਸ ਤਰ੍ਹਾਂ ਆਰਟ ਫਿਲਮਾਂ ਬਣਦੀਆਂ ਹਨ ਇਸੇ ਤਰ੍ਹਾਂ ਆਰਟ ਥੀਏਟਰ ਦੀ ਵੀ ਪਿਰਤ ਪਾਈ ਜਾਵੇ। ਨਵੀਂ ਪੀੜ੍ਹੀ ਦੇ ਰੰਗਕਰਮੀ ਐਸੇ ਨਾਟਕਾਂ ਦੀ ਚੋਣ ਵੀ ਕਰਨ ਜੋ ਪੰਜਾਬੀ ਵਿੱਚ ਪ੍ਰੌਢ ਬਾਲਗ ਅਤੇ ਕਲਾ ਥੀਏਟਰ ਦਾ ਨਿਰਮਾਣ ਅਤੇ ਵਿਕਾਸ ਸੰਭਵ ਬਣਾਉਣ।

ਲੇਖਕ ਦਾ ਮੰਨਣਾ ਹੈ ਕਿ ਪੰਜਾਬੀ ਦੇ ਸਟੇਜੀ ਨਾਟਕਾਂ ਉੱਤੇ ਟਿੱਪਣੀਆਂ, ਨਵੇਂ ਨਾਟਕਾਂ ਦੀ ਰੂਪ ਰੇਖਾ ਅਤੇ ਨਵੇਂ ਮਾਪਦੰਡ ਜਿਨ੍ਹਾਂ ਕਾਰਨ ਨਾਟਕੀ ਬਣਤਰ, ਨਾਟਕੀ ਤੱਥ ਪੁਨਰ ਪਰਿਭਾਸ਼ਤ ਹੋ ਰਹੇ ਹਨ ਤੇ ਢੇਰ ਸਾਰਾ ਪਰਿਵਰਤਨ ਆਇਆ ਹੈ।

ਕਤਰਨਾਂ ਭਾਗ ਵਿੱਚ ਲੇਖਕ ਨੇ ਆਪਣੇ ਵੱਖ ਵੱਖ ਕਾਵਿ-ਨਾਟਕਾਂ ਦੇ ਥੀਮ, ਤਕਨੀਕ, ਆਦਿ ਸ਼ਬਦ, ਕਾਵਿ-ਨਾਟਕਾਂ ਦੇ ਮੁੱਢ ਅਤੇ ਅੰਤ ਬਾਰੇ ਜ਼ਿਕਰ ਕੀਤਾ ਹੈ। ਪੰਜਾਬੀ ਦੀ ਕਾਵਿ-ਨਾਟ-ਆਲੋਚਨਾ ਵਿੱਚ ਲੇਖਕ ਦਾ ਮੰਨਣਾ ਹੈ ਕਿ ਨਾਟਕ, ਕਾਵਿ-ਨਾਟਕ ਅਤੇ ਥੀਏਟਰ ਦੇ ਭੇਦ ਨੂੰ ਸਮਝਣਾ ਬਹੁਤ ਜ਼ਰੂਰੀ ਹੈ।

ਅਗਲੇ ਭਾਗ ਵਿੱਚ ਲੇਖਕ ਦੇ ਕਾਵਿ-ਨਾਟਕ ਦੇ ਮੰਚਨ ਬਾਰੇ, ਉਨ੍ਹਾਂ ਦੇ ਨਾਮਵਰ ਰੰਗਕਰਮੀ ਨਿਰਦੇਸ਼ਕਾਂ ਦੇ ਨਾਮ, ਉਹਨਾਂ ਦੇ ਮੰਚਨ ਦੀ ਤਾਰੀਖ ਦੇ ਸਥਾਨ ਬਾਰੇ ਜਾਣਕਾਰੀ ਦਿੱਤੀ ਹੈ। ਸਮੇਂ ਸਮੇਂ ਕਾਵਿ-ਨਾਟਕਾਂ ਦੇ ਮੰਚਨ ਦੇ ਅਖਬਾਰੀ ਰੀਵੀਊ ਪੰਜਾਬੀ, ਹਿੰਦੀ ਤੇ ਅੰਗਰੇਜ਼ੀ ਅਖਬਾਰਾਂ ਵਿੱਚ ਛਪੇ ਹੋਇਆਂ ਦਾ ਪੂਰਾ ਜ਼ਿਕਰ ਹੈ। ਅੰਤਿਕਾ ਵਿੱਚ ਲੇਖਕ ਦੀਆਂ ਰਚਿਤ ਪੁਸਤਕਾਂ ਦਾ ਵਿਸਥਾਰ ਸਹਿਤ ਵੇਰਵਾ ਲੇਖਕ ਨੂੰ ਮਿਲੇ ਪੁਰਸਕਾਰਾਂ ਤੇ ਸਨਮਾਨਾਂ ਦਾ ਵੇਰਵਾ ਹੈ।

"ਪੁਸਤਕ ਦਰਸ਼ਨ" ਵਿੱਚ ਲੇਖਕ ਦੇ ਦੋ ਕਾਵਿ-ਨਾਟਕਾਂ 'ਹੋਂਦ ਨਿਹੋਂਦ' ਅਤੇ 'ਭਰਮ-ਜਲ' ਬਾਰੇ ਵਿਚਾਰੇ ਸ਼ਾਮਲ ਹਨ।

ਰਵਿੰਦਰ ਰਵੀ ਇਆਪਾ ਦੇ ਮੋਢੀ ਪ੍ਰਧਾਨ ਤੇ ਅੰਤਰਰਾਸ਼ਟਰੀ ਸ਼੍ਰੋਮਣੀ ਸਾਹਿਤਕਾਰ ਪੁਰਸਕਾਰ ਦੇ ਸੰਚਾਲਕ ਹਨ। ਉਹ ਪਾਕਿਸਤਾਨ ਤੋਂ ਬਾਹਰ ਵੱਸਦਾ ਪਹਿਲਾ ਗੈਰ ਪਾਕਿਸਤਾਨੀ ਲੇਖਕ ਹੈ, ਜਿਸ ਦੀਆਂ ਪੁਸਤਕਾਂ ਕਾਇਦੇ ਆਜ਼ਮ ਯੂਨੀਵਰਸਿਟੀ ਇਸਲਾਮਾਬਾਦ ਵਿੱਚ ਐਮ.ਏ. ਦੇ ਕੋਰਸ ਵਿੱਚ ਲੱਗੀਆਂ ਰਹੀਆਂ ਹਨ। ਪਾਕਿਸਤਾਨ ਵਿੱਚ ਉਸ ਦੇ ਕਾਵਿ-ਨਾਟਕਾਂ ਉੱਤੇ ਪੀ.ਐਚ.ਡੀ. ਪੱਧਰ ਦਾ ਖੋਜ ਕਾਰਜ ਹੋ ਚੁੱਕਿਆ ਹੈ।

ਅੰਤ ਵਿੱਚ ਇਹ ਹੀ ਕਹਿਣਾ ਚਾਹਵਾਂਗੀ ਕਿ ਪੰਜਾਬੀ ਕਾਵਿ-ਨਾਟ-ਖੇਤਰ ਵਿੱਚ ਰਵਿੰਦਰ ਰਵੀ ਨੇ ਇੱਕ ਨਵਾਂ ਤੇ ਵਿਲੱਖਣ ਇਤਿਹਾਸ ਸਿਰਜਿਆ ਹੈ। ਇਹਨਾਂ ਨੇ ਸਾਹਿਤ ਸਿਰਜਣਾ ਦੀ ਪ੍ਰਕਿਰਿਆ ਵਿੱਚ ਨਵੇਂ ਨਵੇਂ ਪ੍ਰਯੋਗ ਕੀਤੇ ਹਨ। ਜਿੱਥੇ ਉਨ੍ਹਾਂ ਨੇ ਕਵਿਤਾ ਵਿੱਚ ਨਵੇਂ ਤਜਰਬੇ ਕੀਤੇ ਹਨ, ਉਥੇ ਉਨ੍ਹਾਂ ਨੇ ਕਹਾਣੀ ਖੇਤਰ ਵਿੱਚ ਵੀ ਆਧੁਨਿਕ ਮਾਨਸਿਕ ਸੋਚ ਤੇ ਉਲਝਣਾਂ ਵਿੱਚ ਘਿਰੇ

ਮਨੁੱਖ ਨੂੰ ਉਜਾਗਰ ਕੀਤਾ ਹੈ। ਇਹ ਆਪਣੇ ਆਪ ਵਿੱਚ ਇੱਕ ਸੰਸਥਾ ਹਨ ਜੋ ਕਿ ਅੰਤਰਰਾਸ਼ਟਰੀ ਪੱਧਰ ਤੇ ਜਾਣੀ ਜਾਂਦੀ ਹੈ।

ਅੱਜ ਮੈਂ ਇਸ ਪੁਸਤਕ ਦੀ ਪੰਜਾਬੀ ਸਾਹਿਤ ਵਿੱਚ ਆਮਦ ਲਈ ਢੇਰ ਸਾਰੀ ਮੁਬਾਰਕਬਾਦ ਦੇਂਦੀ ਹਾਂ ਤੇ ਅਰਦਾਸ ਕਰਦੀ ਹਾਂ ਕਿ ਪਰਮਾਤਮਾ ਇਨ੍ਹਾਂ ਨੂੰ ਲੰਮੀ ਉਮਰ ਬਖਸ਼ੇ ਤਾਂਕਿ ਪੰਜਾਬੀ ਸਾਹਿਤ ਦਾ ਵਿਰਸਾ ਹੋਰ ਅਮੀਰ ਹੁੰਦਾ ਰਹੇ।

13.10.2018 **–ਹਰਸ਼ਰਨ ਕੌਰ**

---

**ਨੋਟ:** 1. ਇਹ ਪਰਚਾ ਕੇਂਦਰੀ ਪੰਜਾਬੀ ਲੇਖਕ ਸਭਾ (ਉੱਤਰ ਅਮਰੀਕਾ) ਦੀ ਮਾਸਕ ਇਕੱਤਰਤਾ ਵਿੱਚ, 13 ਅਕਤੂਬਰ, 2018 ਨੂੰ, ਸਰੀ, ਬੀ.ਸੀ., ਕੈਨੇਡਾ ਵਿਖੇ ਇਸ ਪੁਸਤਕ ਦੇ ਲੋਕ-ਅਰਪਨ ਦੇ ਸਮੇਂ ਪੜ੍ਹਿਆ ਗਿਆ।

2. ਇਹ ਪਰਚਾ 'ਇੰਡੋ ਕਨੇਡੀਅਨ ਟਾਇਮਜ਼' ਦੇ 18-21 ਅਕਤੂਬਰ ਅਤੇ 31 ਅਕਤੂਬਰ-1 ਦਸੰਬਰ, 2018 ਦੇ ਅੰਕਾਂ ਵਿੱਚ, ਦੋ ਕਿਸ਼ਤਾਂ ਵਿੱਚ ਛਾਪਿਆ ਗਿਆ। ਇਹ ਸਪਤਾਹਕ ਪਰਚਾ ਸਰੀ, ਬੀ.ਸੀ., ਕੈਨੇਡਾ ਤੋਂ ਪ੍ਰਕਾਸ਼ਤ ਹੁੰਦਾ ਹੈ।

3. ਅਕਤੂਬਰ 18 ਤੇ 25, 2018 ਨੂੰ ਫੇਸਬੁੱਕ ਉੱਤੇ ਪੋਸਟ ਹੋਇਆ।